ਜਨਵਰੀ **1974**


ਜਿਲਦ 3 ] [ ਅੰਕ 7

ਮੁੱਲ ਇਕ ਰੁਪਿਆ

ਸਾਲਾਨਾ ਚੰਦਾ ਦਸ ਰੁਪਏ


## ਨਵਾਂ ਸਾਲ !

ਚੜ੍ਹਨ ਤੇ ਅਸੀਂ ਕੋਈ ਰਸਮੀ ਸ਼ੁਭ-ਇੱਛਾਵਾਂ ਨਹੀਂ ਭੇਜ ਰਹੇ, ਕਿਉਂਕਿ ਸਾਨੂੰ ਪਤਾ ਹੈ ਕਿ ਸਾਲ ੧੯੭੪ ਦੇਸ਼ ਵਿਚ ਕੁਝ ਵੀ ਨਵਾਂ ਨਹੀਂ ਲਿਆ ਰਿਹਾ; ਸਗੋਂ ਉਸੇ ਬੇਢੰਗੀ ਚਾਲ ਨਾਲ ਚਲਦਾ ਸਾਸ਼ਨ ਸਾਡੇ ਆਮ ਲੋਕਾਂ ਲਈ ਹੋਰ ਮੁਸੀਬਤਾਂ ਹੀ ਲਿਆਵੇਗਾ। ਅਸੀਂ ਇਹੋ ਲੋਚਾ ਕਰਦੇ ਹਾਂ ਕਿ ਇਸ ਸਾਲ ਸਾਰੇ ਸੰਘਰਸ਼-ਸ਼ੀਲ ਲੋਕ ਸਿਰ ਜੋੜ ਕੇ ਬੈਠਣ ਅਤੇ ਇਸ ਗਲੇ ਸੜੇ ਭ੍ਰਿਸ਼ਟ ਸਾਸ਼ਨ ਨੂੰ ਮੁਕਾਉਣ ਲਈ ਠੋਸ ਕਦਮ ਚੁੱਕਣ।

—ਸੰਪਾਦਕ


ਐਡੀਟਰ

**ਹਰਬੰਸ ਸਿੰਘ ਜੌਲੀ**


## ਇਸ ਅੰਕ ਵਿਚ


ਕਹਾਣੀਆਂ

ਸਟਰਾਈਕ — ਫ਼ਕੀਰ ਚੰਦ ਸ਼ੁਕਲਾ
ਲੀਰਾਂ......ਲੀਰਾਂ — ਮੁਖ਼ਤਾਰ ਗਿੱਲ
ਖੁਰਦੀਆਂ ਕੰਧਾਂ — ਗੁਰਮੇਲ
ਉਹ ਦਿਨ — ਨਰਿੰਜਨ ਤਸਨੀਮ
ਬੇਬੇ — ਪਾਸੀ
ਲਾਲ ਚੌਂਕ, ਪੀਲੇ ਚਿਹਰੇ — ਹਰਪਾਲਜੀਤ (ਪਾਲੀ)
ਹੜਤਾਲ — ਗੁਲ ਚੌਹਾਨ
ਕਹਾਣੀ — ਰਾਜ ਕੁਮਾਰ

ਕਵਿਤਾਵਾਂ

ਬਲਬੀਰ ਆਤਸ਼, ਯੋਗੇਸ਼ ਕੁਮਾਰ, ਸ਼ਿੰਦਰਪਾਲ ਸਿੰਘ, ਬਚਨਜੀਤ, ਖ਼ਾਨ, ਹਰਭਜਨ ਜੱਬਲ ਗਿਆਨੀ ਲਛਮਣ ਸਿੰਘ ਅਜ਼ਾਦ, ਦਵਿੰਦਰ ਦੀਦਾਰ, ਅਮਰਜੀਤ ਘਨਰਾਸ, ਰਾਜਿੰਦਰ ਸੋਢੀ, ਅਮਰਜੀਤ ਸੰਧੂ, ਗੁਰਪ੍ਰਤਾਪ ਸਿੰਘ ਚੀਮਾ, ਰਾਜ਼, ਗੁਰਭਜਨ ਗਿੱਲ।

ਪਾਠਕ ਲੇਖਕ ਫੋਰਮ

ਸੁਰਜੀਤ ਗਿੱਲ, ਪ੍ਰੋ: ਤਰਸੇਮ ਬਾਹੀਆ, ਜਸਪਾਲ ਸਿੰਘ, ਨਾਹਰ ਸਿੰਘ, ਦੇਵਾ ਸਿੰਘ ਮਾਹਲਾ, ਹਿੰਮਤ ਸਿੰਘ ਸੋਢੀ।

## ਗੀਤ / ਗੁਰਭਜਨ ਗਿੱਲ

ਮਾਏ ਨੀ ਮਾਏ ! ਤੇਰਾ ਪੁੱਤ ਦੱਸਣੋਂ ਸ਼ਰਮਾਏ
ਕੱਢੇ ਜੇ ਆਵਾਜ਼ ਮੂੰਹੋਂ, ਪੁੱਤ ਤੇਰਾ ਬਾਂਕੜਾ ਨੀ
ਪੈਣ ਉਹਨੂੰ ਕੁੱਤੇ ਹਲਕਾਏ
ਮਾਏ ਨੀ ਮਾਏ...

ਕਾਹਦੀ ਨੀ ਉਡੀਕ ਮੇਰੇ ਮੱਥੇ ਉਤੋਂ ਤੱਕਨੀ ਏਂ
ਖਾਲੀ ਹੱਥੀ ਘਰ ਨੂੰ ਮੈਂ ਆਉਣਾ
ਸੁਪਨੇ 'ਚ ਰੱਖ ਨਾ ਨੀ — ਆਸਾਂ ਦੇ ਅੰਬਾਰ ਲਾ ਕੇ
ਗੱਲੀਂ ਬਾਤੀਂ ਤੈਨੂੰ ਮੈਂ ਰਜਾਉਣਾ।
ਕਰ ਕੇ ਪੜ੍ਹਾਈ ਪੂਰੀ, ਡਿਗਰੀ ਨੂੰ ਮਾਰ ਕੱਛੇ
ਪੁੱਤ ਤੇਰਾ ਕਿਧਰ ਨੂੰ ਜਾਏ ?
ਮਾਏ ਨੀ ਮਾਏ...

ਰੋਜ਼ ਰਾਤੀਂ ਅੰਮੀਏਂ ਨੀ—ਗੋਡਿਆਂ 'ਚ ਸਿਰ ਦੇ ਕੇ
ਸੋਚਦੇ ਨੇ ਲੱਖਾਂ ਮੇਰੇ ਯਾਰ ਨੀ
ਬਾਪੂ ਦੀ ਹੰਡਾਲੀ ਇਕ — ਖਾਣ ਨੂੰ ਟੱਬਰ ਸਾਰਾ
ਕਿੱਦਾਂ ਮੈਂ ਵੰਡਾਵਾਂ ਉਹਦਾ ਭਾਰ ਨੀ।
ਅੱਖੀਆਂ ਨੂੰ ਨੀਵਾਂ ਕਰ — ਪੁੱਤ ਤੇਰਾ ਰੋਜ਼ ਨਿੱਤ
ਸ਼ਾਹਾਂ ਦੀ ਹਵੇਲੀ ਲੰਘ ਜਾਏ
ਮਾਏ ਨੀ ਮਾਏ...

ਮੰਡੀ ਵਿਚ ਵਿਕਿਆ ਨੀ, ਅੱਜ ਤੇਰੇ ਪੁੱਤ ਵਾਂਗੂ
ਪੁੱਛ ਲੈ ਤੂੰ ਮੈਨੂੰ ਉਹਦਾ ਨਾਮ ਨੀ
ਸੁੱਟ ਕੇ ਉਦਾਸ ਸਿਰ, ਗੋਡਿਆਂ ਦੇ ਭਾਰ ਬੈਠਾ
ਪੁੱਤ ਤੇਰੇ ਵਰਗਾ ਜਵਾਨ ਨੀ
ਹੋਰ ਕਿੰਨੀ ਦੇਰ ਅਜੇ — ਓਸ ਏਦਾਂ ਬੈਠੇ ਰਹਿਣਾ
ਮੈਨੂੰ ਨਾ ਸਮਝ ਕੋਈ ਆਵੇ
ਮਾਏ ਨੀ ਮਾਏ ! ਤੇਰਾ ਪੁੱਤ ਦਸਣੋਂ ਸ਼ਰਮਾਏ।
ਮਾਏ ਨੀ ਤੂੰ ਮਮਤਾ ਨੂੰ ਸਾਂਭ ਰੱਖ ਦਿਲ ਵਿਚ
ਅਜੇ ਇਹਦੀ ਜਾਪਦੀ ਨਾ ਲੋੜ ਨੀ —
ਤੁਰਨਾ ਏਂ ਕਾਫਲਾ ਜਹਾਨ ਹੋਣੈਂ ਨਾਲ ਇਹਦੇ
ਪੁੱਟਣੈਂ — ਇਹ ਬੋਹੜਾਂ ਵਾਲਾ ਬੋਹੜ ਨੀ।
ਮੱਝੀਆਂ ਦੀ ਖੁਰਲੀ ਤੇ ਪੱਠੇ ਸਾਡਾ ਬਾਪੂ ਪਾਵੇ
ਦੁੱਧ ਸਾਰਾ ਉੱਚੇ ਘਰੀਂ ਜਾਏ
ਮਾਏ ਨੀ ਮਾਏ ! ਤੇਰਾ ਪੁੱਤ ਦਸਣੋਂ ਸ਼ਰਮਾਏ...

———

ਨੋਟ—ਕੁਝ ਪੰਨਿਆਂ ਦੇ ਨਾਲ ਗਲਤੀ ਨਾਲ ਜਨਵਰੀ ਦੀ ਥਾਂ ਦਸੰਬਰ ਛਪ ਗਿਆ ਹੈ। ਖਿਮਾ—(ਸੰ:)


# ਸੋਵੀਅਤ ਸਾਹਿਤ

[ਕਹਾਣੀ, ਨਾਵਲ, ਲੇਖ (ਮਨੋਵਿਗਿਆਨਕ ਰਾਜਨੀਤੀ, ਦਰਸ਼ਨ, ਸੌਂਦਰਯ ਸ਼ਾਸਤਰ ਆਦਿ ਬਾਰੇ)]

ਦੇ ਰਸੀਆਂ ਤੇ ਸਕਾਲਰਾਂ ਲਈ **'ਨਿਊ ਏਜ'** ਦੁਆਰਾ ਪ੍ਰਕਾਸ਼ਤ ਅਤਿ ਲੋੜੀਂਦੀਆਂ ਸੋਵੀਅਤ ਪੁਸਤਕਾਂ

| | |
|---|---|
| ਪੰਜਾਬੀ ਸਾਹਿੱਤ (ਆਲੋਚਨਾ) | ੫.੦੦ |
| ਕਲਾ ਅਤੇ ਸਮਾਜ (ਕਲਾ ਬਾਰੇ ਲੇਖ) | ੮.੦੦ |
| ਕਲਾਕਾਰ ਦੀ ਸੁਤੰਤ੍ਰਤਾ | ੮.੫੦ |
| ਮਨੋਵਿਗਿਆਨ ਅਤੇ ਪੁਲਾੜ (ਮਨੋਵਿਗਿਆਨਕ ਅਧਿਅਨ) | ੮.੫੦ |
| ਧਰਤੀ ਅਤੇ ਆਕਾਸ਼ (ਪੁਲਾੜ ਬਾਰੇ ਜਾਣਕਾਰੀ) | ੧੨.੦੦ |
| ਮਨੁੱਖੀ ਨਸਲਾਂ ਦੀ ਕਹਾਣੀ (ਮਾਨਵ-ਵਿਗਿਆਨ ਬਾਰੇ ਜਾਣਕਾਰੀ) ਪੰਜਾਬ ਸਰਕਾਰ ਦੁਆਰਾ ਸਰਵ ਉਤਮ ਪੁਰਸਕਾਰ ਪ੍ਰਾਪਤ | ੬.੫੦ |
| ਮਾਰਕਸਵਾਦੀ ਦਰਸ਼ਨ (ਰਾਜਨੀਤੀ-ਅਰਥ-ਵਿਗਿਆਨ) | ੧੫.੦੦ |
| ਆਰਥਕ ਸਿਧਾਂਤ ਅਤੇ ਉਨ੍ਹਾਂ ਦੀ ਅਸਲੀਅਤ (ਲੇਖ ਸੰਗ੍ਰਹਿ) | ੮.੦੦ |
| ਸੁਨਹਿਰੀ ਕਿਰਣਾਂ (ਕਾਕੇਸ਼ਿਆਈ ਲੋਕ ਕਹਾਣੀਆਂ) | ੬.੦੦ |
| ਚਾਨਣ-ਰਿਸ਼ਮਾਂ (ਕਾਕੇਸ਼ਿਆਈ ਲੋਕ ਕਹਾਣੀਆਂ) | ੬.੦੦ |
| ਸਾਹਿਤ ਅਤੇ ਕਲਾ ਵਿਚ ਸਮਾਜਵਾਦੀ ਯਥਾਰਥਵਾਦ (ਆਲੋਚਨਾ) | ੧੦.੦੦ |
| ਆਧੁਨਿਕ ਸੌਂਦਰਯ ਬੋਧ ਦੀਆਂ ਸਮੱਸਿਆਵਾਂ (ਪੰਜਾਬੀ ਵਿਚ ਸੌਂਦਰਯ-ਸ਼ਾਸਤ੍ਰ ਤੇ ਛਪੀ ਪਹਿਲੀ ਪੁਸਤਕ) | ੧੨.੦੦ |
| ਜਾਸੂਸ ਐਨਿਸਕਿਨ (ਇਕ ਇੰਸਪੈਕਟਰ ਦੇ ਕਾਰਨਾਮੇ) | ੬.੦੦ |
| ਸੋਵੀਅਤ ਯੂਨੀਅਨ ਬਾਰੇ (ਜਾਣਕਾਰੀ) | ੮.੦੦ |
| ਰੰਗੀਨ ਤਿੱਤਲੀਆਂ ਬੋਰਿਸ ਬੇਡਨੀ | ੧੦.੦੦ |
| ਅੰਦਰਲੇ ਦਰਵਾਜ਼ੇ ਜਸਵੰਤ ਸਿੰਘ ਵਿਰਦੀ | ੫.੦੦ |
| | ਪੇਪਰ ੨.੫੦ |

# ਨਿਊ ਏਜ ਬੁਕ ਸੈਂਟਰ

ਚੌਂਕ ਸਟੇਟ ਬੈਂਕ, ਚੀਲ ਮੰਡੀ, ਅੰਮ੍ਰਿਤਸਰ
ਟੈਲੀਫੋਨ ਨੰਬਰ 45544

ਕਹਾਣੀ—

# ਸਟਰਾਈਕ

—ਫ਼ਕੀਰ ਚੰਦ ਸ਼ੁਕਲਾ

ਪੱਪੂ ਸਕੂਲੋਂ ਆ ਕੇ ਬਸਤਾ ਇਕ ਪਾਸੇ ਰੱਖ ਕੇ ਬੈਠ ਜਾਂਦਾ ਹੈ। ਅੱਜ ਉਸਦੇ ਚਿਹਰੇ ਤੇ ਪਹਿਲਾਂ ਵਰਗੀ ਰੌਣਕ ਨਹੀਂ। ਇਸ ਦਾ ਵੀ ਇਕ ਵਿਸ਼ੇਸ਼ ਕਾਰਨ ਹੈ। ਅਜ ਮੈਂ ਉਸਦਾ ਟੈਸਟ ਲੈਣਾ ਹੈ। ਕਈ ਦਿਨ ਹੋਏ ਮੈਂ ਉਸਨੂੰ ਦਸ ਦਿੱਤਾ ਸੀ ਕਿ ਸ਼ਨੀਵਾਰ ਨੂੰ ਮੈਂ ਉਸ ਕੋਲੋਂ ਪੜ੍ਹਾਈ ਬਾਰੇ ਪੁੱਛਣਾ ਹੈ।

ਪਤਾ ਨਹੀਂ ਉਹ ਮੈਥੋਂ ਏਨਾ ਕਿਉਂ ਘਬਰਾਉਂਦਾ ਹੈ? ਸ਼ਾਇਦ ਇਸ ਕਰਕੇ ਜੇ ਉਸ ਦੀ ਪੜ੍ਹਾਈ ਠੀਕ ਤਰ੍ਹਾਂ ਨਾ ਹੋਈ ਤਾਂ ਮੈਂ ਉਸਦੇ ਸਕੂਲ ਮਾਸਟਰ ਜੀ ਕੋਲ ਚਲਾ ਜਾਵਾਂਗਾ। ਕੀ ਓਹੀਉ ਠੀਕ ਨਹੀਂ ਪੜ੍ਹਾਉਂਦੇ ਜਾਂ ਇਹੋ ਯਾਦ ਨਹੀਂ ਕਰਦਾ। ਜੇ ਇਹ ਯਾਦ ਨਹੀਂ ਕਰਦਾ ਤਾਂ ਸਾਨੂੰ ਇਸਦੀ ਰੀਪੋਰਟ ਕਿਉਂ ਨਹੀਂ ਭੇਜੀ ਗਈ। ਵੈਸੇ ਹਾਲੇ ਤੱਕ ਇਕ ਵਾਰੀ ਹੀ ਮੈਂ ਉਸਦੇ ਸਕੂਲ ਗਿਆ ਹਾਂ, ਉਹ ਵੀ ਪਿਛਲੇ ਸਾਲ। ਆਪਣੇ ਕੰਮ ਕਾਜ ਤੋਂ ਹੀ ਵਿਹਲ ਨਹੀਂ ਮਿਲਦੀ।

—'ਰੋਟੀ ਖਾ ਲੈ। ਇਕ ਅੱਧਾ ਘੰਟਾ ਹੋਰ ਪੜ੍ਹ ਲੈ। ਫੇਰ ਪੁੱਛਾਂਗਾ ਤੈਥੋਂ ਸਬਕ।'

ਪੱਪੂ ਨੂੰ ਕਹਿ ਕੇ ਮੈਂ ਅਖ਼ਬਾਰ ਪੜ੍ਹਨ ਲੱਗਿਆ ਹਾਂ।

ਓਹੀਉ ਖ਼ਬਰਾਂ। ਕਿਤੇ ਮਜ਼ਦੂਰਾਂ ਦੀ ਹੜਤਾਲ। ਕਿਤੇ ਕਾਲਿਜ ਦੇ ਮੁੰਡਿਆਂ ਦੀ। ਮੰਗਾਂ ਪੂਰੀਆਂ ਕਰੋ। ਜਦੋਂ ਤਕ ਹੜਤਾਲ ਨਹੀਂ ਖੁਲ੍ਹਦੀ—ਕੋਈ ਗਲਬਾਤ ਨਹੀਂ। ਅਧਿਕਾਰੀਆਂ ਵਲੋਂ ਕਰੜਾ ਸਟੈਂਡ। ਥਾਨੇ 'ਚ ਰਿਪੋਰਟ ਲਿਖਵਾਉਣ ਗਈ ਕੁੜੀ ਨਾਲ ਥਾਨੇਦਾਰ ਦਾ ਜ਼ਬਰਦਸਤੀ ਬਲਾਤਕਾਰ। ਵਿਜੀਲੈਂਸ ਸਟਾਫ ਦਾ ਇਕ ਵਡਾ ਅਫ਼ਸਰ ਕੁਰਪਸ਼ਨ ਕੇਸ 'ਚ ਗ੍ਰਿਫਤਾਰ...ਵਗੈਰਾ, ਵਗੈਰਾ। ਹੋਰ ਤਾਂ ਜਿਵੇਂ ਕੋਈ ਖ਼ਬਰ ਹੀ ਨਹੀਂ ਰਹੀ।

—ਵੀਰ ਜੀ ਸੁਣਾਵਾਂ? ਪੱਪੂ ਪੁੱਛਦਾ ਹੈ।

—ਯਾਦ ਹੈ ਸਭ ਕੁਝ?

ਉਹ ਕੋਈ ਜੁਆਬ ਨਹੀਂ ਦੇਂਦਾ।

—ਕੀ ਸੁਣਾਵੇਂਗਾ?

—ਜੋ ਤੁਸੀਂ ਕਹੋ।

—ਜਾ ਸਾਇੰਸ ਦੀ ਕਿਤਾਬ ਲੈ ਆ।

—ਸਾਇੰਸ?

—ਕਿਉਂ, ਸਾਇੰਸ ਨੂੰ ਕੀ ਹੋ ਗਿਆ?

—ਸਾਇੰਸ ਤਾਂ ਹਾਲੇ ਸਾਨੂੰ ਪੜ੍ਹਾਉਣੀ ਵੀ ਸ਼ੁਰੂ ਨਹੀਂ ਕੀਤੀ।

—ਪੜ੍ਹਾਉਣੀ ਨਹੀਂ ਸ਼ੁਰੂ ਕੀਤੀ? ਕੀ ਕਹਿੰਦਾ ਏ? ਅਗਸਤ ਦਾ ਮਹੀਨਾ ਹੈ। ਫਰਵਰੀ 'ਚ ਤੇਰੇ ਇਮਤਿਹਾਨ ਹੋ ਜਾਨੇ ਨੇ। ਕਿਵੇਂ ਕਰੇਂਗਾ ਉਦੋਂ?

ਉਹ ਨੀਵੀਂ ਪਾਈ ਬੈਠਾ ਰਿਹਾ।

—ਕਿਹੜਾ ਮਾਸਟਰ ਪੜ੍ਹਾਉਂਦੇ?

—ਮਾਸਟਰ ਤਾਂ ਹਾਲੇ ਲੱਗਿਆ ਹੀ ਨਹੀਂ?

ਕੀ ਬਕਦਾ ਏਂ? ਛੇ ਮਹੀਨੇ ਹੋ ਗਏ ਨੇ ਸਕੂਲ ਖੁਲ੍ਹਿਆਂ, ਤੇ ਤੂੰ ਕਹਿੰਦਾ ਏਂ ਮਾਸਟਰ ਹੀ ਨਹੀਂ ਲੱਗਿਆ।

—ਨਹੀਂ ਸੱਚੀਂ। ਚਾਹੇ ਪਿੰਕੀ ਕੋਲੋਂ ਪੁੱਛ ਲਵੋ।

ਉਸ ਦੀਆਂ ਅੱਖਾਂ ਭਰ ਆਈਆਂ ਲਗਦੀਆਂ ਹਨ।

—ਪਿੰਕੀ ਨੂੰ ਕੀ ਪੁਛਣੈ, ਕਲ ਤੇਰੇ ਕਲਾਸ ਟੀਚਰ ਕੋਲੋਂ ਹੀ ਜਾ ਕੇ ਪੁੱਛਾਂਗੇ।

—ਨਾ, ਨਾ, ਮੇਰੇ ਸਕੂਲ ਨਾ ਜਾਈਓ।

ਪੱਪੂ ਰੋਣ ਲੱਗਾ ਹੈ।

—ਸਕੂਲ ਕਿਉਂ ਨਾ ਜਾਵਾਂ? ਸਾਲੇ ਮੁਫਤੀ ਪੜ੍ਹਾਉਂਦੇ ਨੇ। ਚੌਥੇ ਦਿਨ ਚੰਦਾ ਮੰਗ ਲੈਂਦੇ ਨੇ।

ਪੱਪੂ ਚੁਪ ਚਾਪ ਰੋਈ ਜਾ ਰਿਹਾ ਹੈ।

—ਬੋਲਦਾ ਕਿਉਂ ਨਹੀਂ?

—ਮਾਸਟਰ ਜੀ ਮਾਰਨਗੇ। ਮਗਰ ਪੈ ਜਾਣਗੇ।

—ਤੇਰੇ ਮਾਸਟਰ ਦੀ ਐਸੀ ਤੈਸੀ। ਚਲ ਅੰਗਰੇਜ਼ੀ ਦੀ ਕਿਤਾਬ ਕੱਢ।

—ਅੰਗਰੇਜ਼ੀ ਨਹੀਂ ਸੰਸਕ੍ਰਿਤ ਸੁਣ ਲਓ।

—ਚਲ ਸੰਸਕ੍ਰਿਤ ਹੀ ਸੁਣਾ।

—ਉਹ ਫਟਾਫਟ ਬਸਤੇ 'ਚੋਂ ਕਿਤਾਬ ਕੱਢ ਲਿਆਉਂਦਾ ਹੈ।

ਕਿੰਨੇ ਪਾਠ ਪੜ੍ਹੇ ਨੇ?

—ਅੱਠ।

—ਅੱਛਾ, ਇਹ ਦੂਜਾ ਪਾਠ ਪੜ੍ਹ।

ਉਹ ਦੋ ਤਿੰਨ ਲਾਈਨਾਂ ਫਟਾਫਟ ਪੜ੍ਹ ਜਾਂਦਾ ਹੈ।

ਇਸਦਾ ਹਿੰਦੀ 'ਚ ਅਰਥ ਵੀ ਸਮਝਾ।

—ਹਿੰਦੀ ਨਹੀਂ ਆਉਂਦੀ ਬਣਾਉਨੀ ਮੈਨੂੰ।

—ਕਿਉਂ? ਇਹ ਤਾਂ ਦੂਜਾ ਪਾਠ ਹੈ। ਤੂੰ ਤਾਂ ਕਹਿੰਦੇ ਅੱਠ ਪਾਠ ਪੜ੍ਹੇ ਨੇ। ਕੀ ਮਾਸਟਰ ਜੀ ਨੇ ਅਰਥ

ਨਹੀਂ ਕਰਵਾਏ ਸਨ ?

—ਉਹ ਇਕ ਇਕ ਲਫ਼ਜ ਦਾ ਅਰਥ ਥੋੜਾ ਦਸਦੇ ਨੇ ? ਫਟਾਫਟ ਆ ਕੇ ਸਾਰੇ ਪਾਠਾਂ ਦੀ ਹਿੰਦੀ ਬੋਲ ਦੇਂਦੇ ਹਨ ।

ਇਸ ਵਾਰ ਮੈਂ ਚੁੱਪ ਹੋ ਜਾਂਦਾ ਹਾਂ । ਜਿਵੇਂ ਕਿਸੇ ਨੇ ਮੇਰੇ ਮੂੰਹ ਨੂੰ ਤਾਲਾ ਹੀ ਲਾ ਦਿਤਾ ।

ਹੋਰ ਕੀ ਪੁੱਛਾਂ ਹੁਣ !

—'ਜਾ ਬਹਿ ਕੇ ਚੰਗੀ ਤਰ੍ਹਾਂ ਯਾਦ ਕਰ । ਕਲ ਸਵੇਰੇ ਦਫਤਰ ਜਾਣ ਤੋਂ ਪਹਿਲਾਂ ਤੇਰੇ ਸਕੂਲ ਹੋ ਕੇ ਜਾਵਾਂਗਾ' ਇਕ ਲੰਮਾ ਜਿਹਾ ਸਾਹ ਲੈਂਦਿਆਂ ਮੈਂ ਕਹਿੰਦਾ ਹਾਂ— 'ਕੀ ਇਹੋ ਪੜ੍ਹਾਉਂਦੇ ਨੇ ਸਕੂਲ 'ਚ ?'

ਵੀਰ ਜੀ, ਤੁਸੀਂ ਮੇਰੇ ਸਕੂਲ ਨਾ ਜਾਈਓ ।

ਮੈਂ ਕੁਝ ਨਹੀਂ ਕਹਿੰਦਾ ।

— — —

ਸਵੇਰੇ ਦਫਤਰ ਨੂੰ ਦੇਰ ਹੋ ਰਹੀ ਸੀ । ਇਸ ਲਈ ਸਕੂਲ ਨਾ ਜਾ ਸਕਿਆ । ਪੱਪੂ ਇੰਤਜ਼ਾਰ ਕਰਦਾ ਹੋਵੇਗਾ। ਉਸ ਦਾ ਸਕੂਲ ਤਾਂ ਸੱਤ ਵਜੇ ਲਗਦਾ ਹੈ ।

ਸ਼ਾਮੀਂ ਦਫਤਰੋਂ ਘਰ ਆਇਆ ਤਾਂ ਪੱਪੂ ਦੇ ਨਾਲ ਉਸ ਦੇ ਦੋ ਦੋਸਤ ਵੀ ਸਨ ।

—ਵੀਰ ਜੀ, ਤੁਸੀਂ ਸਾਡੇ ਸਕੂਲ ਨਾ ਜਾਈਓ । ਬਗੈਰ ਨਮਸਤੇ ਕੀਤੇ ਉਨ੍ਹਾਂ ਸਿੱਧਾ ਹੀ ਕਿਹਾ ।

—ਪਰ ਕਿਉਂ ?

—ਵੀਰ ਜੀ ਤੁਹਾਨੂੰ ਨਹੀਂ ਪਤਾ ਸਾਡਾ ਕਲਾਸ ਟੀਚਰ ਬਹੁਤ ਵੈਰ ਪੈ ਜਾਂਦਾ ਹੈ । ਐਵੇਂ ਕੁੱਟੀ ਜਾਇਆ ਕਰੂ ।

—'ਨਾਲੇ ਪਿਛਲੇ ਸਾਲ ਵੀ ਤਾਂ ਤੁਸੀਂ ਗਏ ਸੀ...' ਪਿੰਕੀ ਦਸਦਾ ਹੈ ।

ਹਾਂ, ਪਿਛਲੇ ਸਾਲ ਪੱਪੂ ਸਤਵੀਂ 'ਚ ਸੀ । ਸਕੂਲ ਦੇ ਛਿਮਾਹੀ ਇਮਤਿਹਾਨਾਂ ਦੇ ਨੰਬਰਾਂ ਦਾ ਕਾਰਡ ਅਚਾਨਕ ਮੇਰੇ ਹੱਥ 'ਚ ਲਗ ਗਿਆ । ਅੱਧੇ ਮਜ਼ਮੂਨਾਂ 'ਚ ਬੀਹ ਤੋਂ ਵਧ ਨੰਬਰ ਨਹੀਂ ਸੀ ।

ਉਸ ਦਿਨ ਪੱਪੂ ਦੀ ਚੰਗੀ ਝੰਡ ਹੋਈ ਸੀ । ਕੀ ਇਹੋ ਪੜ੍ਹਦਾ ਏਂ ਸਕੂਲ 'ਚ ? ਮੈਨੂੰ ਨੰਬਰਾਂ ਦਾ ਕਾਰਡ ਕਿਉਂ ਨਹੀਂ ਵਿਖਾਇਆ । ਭਾਈ ਜੀ ਤੋਂ ਦਸਤਖ਼ਤ ਕਰਵਾਏ ਤੇ ਬਸ...।

ਦੂਜੇ ਦਿਨ ਮੈਂ ਉਸਦੇ ਸਕੂਲ ਗਿਆ ਸੀ । ਮਾਸਟਰ ਜੀ ਨਾਲ ਕਾਫੀ ਬਹਿਸ ਹੋਈ ਸੀ । ਕਦੇ ਉਨ੍ਹਾਂ ਬੱਚਿਆਂ ਦਾ ਹੋਮ-ਵਰਕ ਵੀ ਚੈਕ ਕੀਤੇ ? ਬਸ, ਘਰ ਜਾ ਕੇ ਲਿਖਣ ਨੂੰ ਦੇ ਦਿਤਾ ਤੇ ਬਗੈਰ ਵੇਖੇ ਦਸਤਖ਼ਤ ਕਰ ਦਿਤੇ । ਇਹ ਵੀ ਨਹੀਂ ਵੇਖਿਆ ਕਿ ਠੀਕ ਵੀ ਲਿਖਿਆ ਹੈ ਜਾਂ ਨਹੀਂ । ਅੰਗਰੇਜ਼ੀ ਦੀ ਕਾਪੀ ਦੇ ਹਰ ਐਸੇ ਅਤੇ ਲੈਟਰ ਹੇਠਾਂ ਮਾਸਟਰ ਜੀ ਦੇ ਦਸਤਖਤ ਸਨ, ਪਰ ਹਰ ਇਕ ਵਿਚ ਸਪੈਲਿੰਗਜ਼ ਅਤੇ ਟੈਂਸ ਦੀਆਂ ਗਲਤੀਆਂ ਸਨ ।

ਤੇ ਥੋੜ੍ਹੇ ਹੀ ਦਿਨਾਂ ਮਗਰੋਂ ਕੁਝ ਮਹੀਨਿਆਂ ਲਈ ਮੈਨੂੰ ਟਰੇਨਿੰਗ ਤੇ ਬਾਹਰ ਜਾਣਾ ਪਿਆ ।

ਘਰੋਂ ਚਿੱਠੀਆਂ ਆਇਆ ਕਰਦੀਆਂ—ਮਾਸਟਰ ਪੱਪੂ ਨੂੰ ਬਹੁਤ ਕੁਟਦਾ ਹੈ। ਕਹਿੰਦੈ ਉਸ ਦਿਨ ਤਾਂ ਤੇਰਾ ਭਰਾ ਆ ਕੇ ਬੜੀ ਟੈਂ-ਟੈਂ ਕਰਦਾ ਸੀ, ਹੁਣ ਪੜ੍ਹਕੇ ਵੀ ਆਇਆ ਕਰ । ਚਾਹੇ ਸਬਕ ਠੀਕ ਸੁਣਾਵੇ ਜਾਂ ਗਲਤ ਕੁਟ ਪੈ ਜਾਂਦੀ ਸੀ ।

ਵੈਸੇ ਕੁਟ ਵਾਲੀ ਗੱਲ ਮੈਨੂੰ ਵੀ ਸੱਚ ਜਾਪੀ।

ਜਦੋਂ ਅਸੀਂ ਹਾਇਰ ਸੈਕੰਡਰੀ 'ਚ ਪੜ੍ਹਦੇ ਸਾਂ ਤਾਂ ਉਦੋਂ ਸਕੂਲ 'ਚ ਗਰੁੱਪ ਰੱਖਣ ਦਾ ਰਿਵਾਜ ਤੁਰਿਆ ਸੀ । ਪੰਜ ਰੁਪਏ ਪ੍ਰਤੀ ਸਬਜੈਕਟ । ਜਿਨ੍ਹਾਂ ਨੇ ਗਰੁੱਪ ਰੱਖ ਲਏ ਉਹ ਕਲਾਸ ਦੇ ਹੀਰੋ ਸਨ ਤੇ ਬਾਕੀ ਭਾਵੇਂ ਕਿੰਨੇ ਵੀ ਸ਼ਰੀਫ਼ ਬਣ ਕੇ ਰਹਿੰਦੇ, ਡਟ ਕੇ ਪੜ੍ਹਾਈ ਕਰਦੇ, ਪਰ ਉਨ੍ਹਾਂ ਦੀ ਮੁਰੰਮਤ ਹੋ ਜਾਂਦੀ ਸੀ ।

ਮੈਨੂੰ ਯਾਦ ਹੈ ਸਾਡੀ ਸਾਰੀ ਕਲਾਸ ਨੇ ਫਿਜਿਕਸ ਦਾ ਗਰੁਪ ਰਖਿਆ ਸੀ ।ਮਾਸਟਰ ਬਹੁਤ ਮੋਟਾ ਸੀ । ਉਸਦੇ ਇਕ ਥੱਪੜ ਲੱਗਣ ਨਾਲ ਜਬਾੜਾ ਹਿਲਣ ਦਾ ਡਰ ਸੀ । ਗਰੁਪ ਪੜ੍ਹਨਾ ਕੌਣ ਚਾਹੁੰਦਾ ਸੀ । ਇਹ ਤਾਂ ਕੁਟ ਪੈਣ ਦੇ ਡਰ ਤੋਂ ਸੀ । ਪਰ ਫੇਰ ਵੀ ਸਾਡੇ 'ਚੋਂ ਹਰਬੰਸ ਨਾਂ ਦੇ ਇਕ ਮੁੰਡੇ ਨੇ ਉਨ੍ਹਾਂ ਦਾ ਗਰੁੱਪ ਨਹੀਂ ਸੀ ਰਖਿਆ ।

ਇਕ ਦਿਨ ਮਾਸਟਰ ਜੀ ਨੇ ਟੈਸਟ ਲੀਤਾ । ਅਸੀਂ ਸੁਆਲ ਗਲਤ ਕੱਢੇ ਸਨ, ਤਾਂ ਵੀ ਪੂਰੇ ਨੰਬਰ, ਹਰਬੰਸ ਦੇ ਸੁਆਲ ਠੀਕ ਸਨ, ਫੇਰ ਵੀ ਨੰਬਰ ਕੱਟੇ ਹੋਏ ਸਨ ।

ਮਾਸਟਰ ਜੀ ਨੇ ਉਸਨੂੰ ਬੈਂਚ ਤੇ ਖੜਾ ਕਰਕੇ ਲਾਉਣੀਆਂ ਸ਼ੁਰੂ ਕਰ ਦਿਤੀਆਂ—'ਹਰਬੰਸ ਲਾਲ, ਤੁਮ ਸਮਝਤੇ ਹੋਂਗੇ ਮੈਂ ਤੁਮਹਾਰੇ, ਪਾਂਚ ਰੁਪਈਓਂ ਕੇ ਬਿਨਾਂ ਭੁਖਾ ਮਰ ਜਾਊਂਗਾ । ਮੁਝੇ ਪੈਸੇ ਕੀ ਕਮੀ ਨਹੀਂ । ਯਹ ਤੋ ਆਪ ਕੀ ਅਪਨੀ ਭਲਾਈ ਕੇ ਲਿਏ ਹੈ ।'

ਤੇ ਵਿਚਾਰੇ ਨੇ ਉਸੀ ਦਿਨ ਗਰੁੱਪ ਰੱਖ ਲਿਆ ਸੀ । ਹੋਰ ਕਰਦਾ ਵੀ ਤਾਂ ਕੀ !

ਪਹਿਲਾਂ ਤਾਂ ਪੱਪੂ ਨੂੰ ਸਕੂਲ 'ਚ ਕੁਟ ਪੈਣ ਦੀਆਂ ਚਿੱਠੀਆਂ ਆਉਂਦੀਆਂ ਸਨ । ਫੇਰ ਇਕ ਦਿਨ ਚਿੱਠੀ

ਆਈ ਕਿ ਮਾਸਟਰ ਜੀ ਨੇ ਭਾਈ ਜੀ ਨੂੰ ਸਕੂਲੇ ਬੁਲਾ ਕੇ ਕਿਹਾ ਸੀ ਕਿ ਜਾਂ ਤਾਂ ਟਿਊਸ਼ਨ ਰੱਖ ਲਵੋ ਨਹੀਂ ਬਾਅਦ 'ਚ ਨਾ ਕਹੀਓ ਮੁੰਡਾ ਫੇਹਲ ਹੋ ਗਿਆ। ਪੰਜਾਹ ਰੁਪਈਏ ਮਹੀਨਾ। ਹੱਦ ਲੱਥ ਗਈ ਟਿਊਸ਼ਨਾਂ ਦੀ ਵੀ।

ਇਕ ਸਾਲ ਦਾ ਸੁਆਲ ਸੀ।

ਪੈਸਿਆਂ ਦਾ ਕੀ ਏ।

ਟਿਊਸ਼ਨ ਕਾਹਦੀ! ਐਵੇਂ ਪੰਜਾਹ ਰੁਪਏ ਪੂਜਨੇ ਸਨ ਹਰ ਮਹੀਨੇ। ਮਹੀਨੇ 'ਚ ਦਸ-ਪੰਦਰਾਂ ਦਿਨ ਤਾਂ ਪੜ੍ਹਾਈ ਵੀ ਨਹੀਂ ਸੀ ਹੁੰਦੀ। ਕਦੇ ਮਾਸਟਰ ਜੀ ਦੇ ਘਰ ਕੋਈ ਆਇਆ ਹੋਇਆ, ਤਾਂ ਛੁੱਟੀ, ਤੇ ਕਦੇ ਮਾਸਟਰ ਜੀ ਕਿਤੇ ਗਏ ਹੋਏ ਹਨ।

ਪੱਪੂ ਦੇ ਪੇਪਰ ਹੋ ਰਹੇ ਸਨ ਜਦੋਂ ਮੈਂ ਟਰੇਨਿੰਗ ਤੋਂ ਵਾਪਸ ਆਇਆ ਸੀ। ਹਰ ਰੋਜ਼ ਪੇਪਰ ਕਰਨ ਮਗਰੋਂ ਘਰ ਆਉਣ ਤੇ ਪੁਛਦਾ। ਸਾਰਾ ਪੇਪਰ ਬਲੈਂਕ ਦੇ ਕੇ ਆਇਆ ਹੋਣੈ। ਕਿਸੇ ਵੀ ਸੁਆਲ ਦਾ ਤਸੱਲੀ ਬਖਸ਼ ਜੁਆਬ ਨਹੀਂ ਸੀ ਦੇਂਦਾ।

ਰਿਜ਼ਲਟ ਨਿਕਲਿਆ।

ਪੱਪੂ ਪਾਸ।

ਹੋਰ ਤਾਂ ਹੋਰ ਸਾਰੇ ਮਜ਼ਮੂਨਾਂ 'ਚ। ...ਤੇ ਕਲਾਸ ਦੇ ਅੱਧੇ ਤੋਂ ਜ਼ਿਆਦਾ ਮੁੰਡੇ ਫਿਹਲ ਸਨ। ਵਿਚਾਰੇ ਟਿਊਸ਼ਨ ਨਹੀਂ ਰੱਖ ਸਕੇ ਹੋਣਗੇ। ਤੇ ਟਿਊਸ਼ਨਾਂ ਬਿਨਾਂ ਕਾਹਦੀ ਪੜ੍ਹਾਈ।

ਲਾਹਨਤ ਹੈ ਇਹੋ ਜਿਹੀ ਪੜ੍ਹਾਈ 'ਤੇ ਤੇ ਪੜ੍ਹਾਉਣ ਵਾਲਿਆਂ 'ਤੇ। ਆਪਣੇ ਆਪ ਨੂੰ ਇਹ ਦੇਸ਼ ਦੇ ਉਸਰੱਈਏ ਸਮਝਦੇ ਹਨ। ਇਨ੍ਹਾਂ ਦੇ ਹੱਥੋਂ ਲੰਘੇ ਬੱਚੇ ਵੱਡੇ ਹੋ ਕੇ ਚਾਰ ਚੰਨ ਨਾ ਲਗਾਉਣਗੇ। ਤਾਂ ਹੋਰ ਕੀ ਕਰਨਗੇ।

ਕਿਤਾਬਾਂ 'ਚ ਪੜ੍ਹੀਦਾ ਸੀ ਕਿ ਵਿਦਿਆ ਉਹ ਧਨ ਹੈ ਜਿਸਨੂੰ ਖਰੀਦਿਆ ਨਹੀਂ ਜਾ ਸਕਦਾ। ਹੁਣ ਵਿਦਿਆ ਦੀ ਤਾਂ ਗੱਲ ਹੀ ਕੁਝ ਨਹੀਂ, ਰਾਸ਼ਟਰੀ ਪੁਰਸਕਾਰ ਵੀ ਪੈਸੇ ਦੇ ਕੇ ਮਿਲ ਜਾਂਦੇ ਹਨ।

ਹੁਣ ਫੇਰ ਓਹੋ ਸਮੱਸਿਆ ਆ ਖਲੋਤੀ ਸੀ।

ਪਿੰਕੀ ਤੇ ਬਿੱਟੂ ਵੀ ਕਹਿ ਰਹੇ ਸਨ—ਵੀਰ ਜੀ, ਸਕੂਲ ਨਾ ਜਾਇਓ।

ਬੱਚਿਆਂ ਨੂੰ ਫੇਹਲ ਹੋਣ ਦਾ ਡਰ ਨਹੀਂ।

ਕੁਟਾਪੇ ਤੋਂ ਡਰ ਰਹੇ ਹਨ।

— — —

ਕਾਫੀ ਰਾਤ ਬੀਤ ਚੁਕੀ ਹੈ।

ਅੱਖਾਂ 'ਚ ਨੀਂਦ ਨਹੀਂ।

ਦਿਮਾਗ ਦੀਆਂ ਨਾੜੀਆਂ ਫਟੀਆਂ ਜਾ ਰਹੀਆਂ ਹਨ। ਅਜ ਕਲ ਦੇ ਮਹਿੰਗਾਈ ਦੇ ਜ਼ਮਾਨੇ 'ਚ ਰੋਟੀ ਤਾਂ ਪਕਦੀ ਨਹੀਂ। ਫੀਸਾਂ ਮਰਕੇ ਪੂਰੀਆਂ ਹੁੰਦੀਆਂ ਹਨ। ਟਿਊਸ਼ਨਾਂ ਵਾਸਤੇ ਪੈਸਾ ਕਿਥੋਂ ਕੋਈ ਲਿਆਵੇ? ਇਹ ਤਾਂ ਸਰਾਸਰ ਜ਼ੁਲਮ ਹੈ, ਖਾਸ ਕਰ ਗਰੀਬ ਵਿਦਿਆਰਥੀਆਂ ਤੇ।

ਸਵੇਰੇ ਸਾਡੀ ਕੰਪਨੀ ਦੇ ਵਰਕਰਾਂ ਦੀ ਵੀ ਸਟਰਾਈਕ ਹੈ।

ਸਰਕਾਰ ਨੇ ਬੋਨਸ ਦੀ ਮੰਗ ਪਰਵਾਨ ਕਰ ਲਈ ਹੈ ਪਰ ਕੰਪਨੀ ਵਾਲੇ ਐਵੇਂ ਮਾਂਹਾਂ ਦੇ ਆਟੇ ਵਾਂਗ ਆਕੜੇ ਹੋਏ ਹਨ।

'ਕੰਪਨੀ ਘਾਟੇ 'ਚ ਜਾ ਰਹੀ ਹੈ।'

ਘਾਟਾ ਤਾਂ ਕਹਿਣਾ ਹੀ ਹੈ। ਲੱਖਾਂ ਦਾ ਮਾਲ ਬਲੈਕ 'ਚ ਜਾਂਦਾ ਹੈ। ਅਸਲੀ ਮੁਨਾਫ਼ਾ ਕਾਗਜ਼ਾਂ ਤੇ ਕਿਵੇਂ ਆਵੇਗਾ।

ਹਰ ਪਾਸੇ ਲੁੱਟ ਮਾਰ, ਕੁਰਪਸ਼ਨ, ਚੋਰਬਜ਼ਾਰੀ।

ਸਕੂਲਾਂ ਵਿਚ ਬੱਚਿਆਂ ਨੂੰ ਇਸ ਤਰ੍ਹਾਂ ਲੁੱਟਣਾ ਕੁਰਪਸ਼ਨ ਨਹੀਂ ਤਾਂ ਹੋਰ ਕੀ ਐ?

ਕੀ ਇਹ ਬੱਚਿਆਂ ਨਾਲ ਅਨਿਆਇ ਨਹੀਂ? ਕੀ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਸਿਖਿਆ ਦਿਤੀ ਜਾਂਦੀ ਹੈ?

ਸੋਚਦਾ ਹਾਂ ਜੇ ਕਿਸੇ ਦਿਨ ਪੱਪੂ ਵਰਗੇ ਛੋਟੇ ਬੱਚਿਆਂ ਨੇ ਅਨਿਆਇ ਦੇ ਵਿਰੁਧ ਆਵਾਜ਼ ਉਠਾ ਦਿੱਤੀ ਤਾਂ ਕੀ ਹੋਵੇਗਾ?

o

ਕਹਾਣੀ—

## *ਲੀਰਾਂ......ਲੀਰਾਂ*

—ਮੁਖ਼ਤਾਰ ਗਿੱਲ

ਕਲ ਸਾਰੀ ਦਿਹਾੜੀ ਮੀਂਹ ਪੈਂਦਾ ਰਿਹਾ। ਤ੍ਰਿਕਾਲਾਂ ਦਾ ਫਿਰ ਛੱਜੀਂ ਖਾਰੀ ਵਰ੍ਹ ਰਿਹਾ ਹੈ। ਚਾਚੀ ਕਰਤਾਰੋ ਸਾਰੀ ਰਾਤ ਚੋਂਦੇ ਕੱਚੇ ਕੋਠੇ ਦੇ ਚੋਏ ਤੋਂ ਆਪਣੀ ਰਿੰਗੜ ਬੋਟ ਨੂੰ ਲਈ ਨੁਕਰੋ ਨੁਕਰੀ ਫਿਰਦੀ ਰਹੀ ਹੈ। ਕੋਠੇ ਅੰਦਰ ਵੀ ਗਿੱਠ ਗਿੱਠ ਪਾਣੀ ਆ ਗਿਆ ਹੈ। ਤ੍ਰਿਪ ਤ੍ਰਿਪ ਦੀ ਡਰਾਉਣੀ ਅਵਾਜ਼ ਬਚਿਆਂ ਨੂੰ ਹੋਰ ਡਰਾ ਰਹੀ ਹੈ। ਪਾਣੀ ਵਧਦਾ ਜਾ ਰਿਹਾ ਹੈ। ਕਰਤਾਰੋ ਲੱਕੜ ਦੇ ਸੰਦੂਕ ਉੱਤੇ ਆਪਣੀਆਂ ਜੁੱਲੀਆਂ, ਖੇਸ ਦਰੀਆਂ ਦਾ ਢੇਰ ਲਾ ਦੇਂਦੀ ਹੈ। ਹਰ ਪਲ ਸ਼ਤੀਰ ਦੇ ਕੜੱਕ ਕਰ ਕੇ

ਟੁੱਟਣ ਦਾ ਖ਼ਤਰਾ ਵੀ ਬਣਿਆ ਹੈ। ਕਰਤਾਰੋ ਆਪਣੀਆਂ ਆਂਦਰਾਂ ਦੇ ਟੋਟਿਆਂ ਨੂੰ ਫਿਰ ਵੀ ਡਿੱਗੂ ਡਿੱਗੂ ਕਰਦੀ ਕੜ੍ਹ ਵਿਚ ਤਾਂ ਨਹੀਂ ਨਾ ਖੜ ਸਕਦੀ। ਦਿਲ ਦੇ ਟੋਟਿਆਂ ਨੂੰ ਲੈ ਕੇ ਸੰਦੂਕ ਉਤੇ ਚੜ੍ਹ ਕੇ ਬੈਠ ਜਾਂਦੀ ਹੈ। ਇਕ ਦਮ ਉਸ ਦਾ ਧਿਆਨ ਸੰਦੂਕ ਦੀ ਦੂਸਰੀ ਨੁੱਕਰੇ ਜਾਂਦਾ ਹੈ, ਜਿਥੇ ਇਕ ਛੋਟਾ ਜਿਹਾ ਸੱਪ ਬੈਠਾ ਹੈ। ਚਾਚੀ ਕਰਤਾਰੋ ਸੱਪ ਨੂੰ ਨਾ ਹੇਠਾਂ ਸੁੱਟ ਸਕਦੀ ਹੈ ਤੇ ਨਾ ਹੀ ਮਾਰ ਸਕਦੀ ਹੈ।

o o o

ਰੂੜਾ ਹੱਟੀ ਤੋਂ ਹੁਧਾਰ ਸੁਧਾਰ ਗੁੜ ਤੇ ਚਾਹ ਪੱਤੀ ਲੈ ਕੇ ਸੰਭਲ ਸੰਭਲ ਪੈਰ ਪੁਟਦਾ ਹੌਲੀ ਹੌਲੀ ਤੁਰਦਾ ਆ ਰਿਹਾ ਹੈ। ਪਰ ਗਲੀ ਦੇ ਮੋੜ ਲਾਗੋਂ ਅਜਿਹਾ ਪੈਰ ਤਿਲਕਦਾ ਹੈ ਕਿ ਘੜੰਮ ਕਰਕੇ ਡਿੱਗ ਪੈਂਦਾ ਹੈ। ਛੇਤੀ ਨਾਲ ਚਿੱਕੜ ਵਿਚੋਂ ਇਕ ਢੇਲੀ ਤਾਂ ਲੱਭ ਲੈਂਦਾ ਹੈ, ਪਰ ਦੂਸਰੀ ਗੁੜ ਦੀ ਢੇਲੀ ਨਹੀਂ ਲੱਭਦੀ। ਪਤੀ ਵਾਲੀ ਪੁੜੀ ਤਾਂ ਪਹਿਲਾਂ ਹੀ ਰੁੜ੍ਹਦੀ ਵੱਡੇ ਛੱਪੜ ਤਕ ਪੁੱਜ ਚੁਕੀ ਹੈ। ਨਿਉਂ ਕੇ ਦੂਸਰੀ ਢੇਲੀ ਅਜੇ ਲੱਭ ਹੀ ਰਿਹਾ ਸੀ ਕਿ ਕੋਲੋਂ ਲੰਘਦਾ ਲੰਬੜਾਂ ਦਾ ਜੀਤਾ ਘੋੜੀ ਵਾਂਗ ਹਿਣਕਦਾ ਦੰਦ ਕੱਢਦਾ ਟਿਚਕਰ ਕਰਦਾ ਹੈ, "ਰੂੜਿਆ! ਮੀਂਹ ਦੇ ਤਿਲਕੇ ਦਾ ਅਤੇ ਅਬਸਰ ਦੇ ਝਿੜਕੇ ਦਾ ਗੁੱਸਾ ਨਹੀਂ ਕਰੀਦਾ...।" ਕੋਈ ਬੇਬਸ ਤਾਰੋ ਬਿਟਰ ਬਿਟਰ ਤਕ ਰਹੀ ਸੀ।

o o o

ਪਿੰਡ ਤੇ ਪਿੰਡ ਦੀ ਸਾਰੀ ਜ਼ਮੀਨ ਨੀਵੇਂ ਥਾਂ ਹੈ। ਉੱਚੀਆਂ ਪੈਲੀਆਂ ਵਿਚਲੀਆਂ ਵੀ ਮੱਕੀਆਂ, ਕਪਾਹਾਂ, ਮਿਰਚਾਂ, ਕਮਾਦ ਪਾਣੀ ਦੀ ਮਾਰ ਤੋਂ ਨਹੀਂ ਬਚ ਸਕੇ। ਛੰਬ ਦੀ ਮਾਰ ਹੇਠਲਾ ਝੋਨਾ ਵੀ ਰੋੜਾ ਪੈ ਗਿਆ ਲਗਦਾ ਸੀ ਤੇ ਜਿਨ੍ਹਾਂ ਪਛੇਤਰੇ ਝੋਨਿਆਂ ਦੇ ਅਜੇ ਬੂਟੇ ਵੀ ਨਹੀਂ ਸੀ ਬੱਝੇ ਉਹਨਾਂ ਦਾ ਤਾਂ ਅੱਲਾ ਬੇਲੀ...।" ਨਿਆਈਆਂ ਵਿਚਲੇ ਝੋਨੇ ਵੀ ਰਾਤ ਦੀ ਝੜੀ ਤੇ ਟੁੱਟੀ ਨਹਿਰ ਦੇ ਪਾਣੀ ਨੇ ਡੱਕੇ ਹੋਏ ਸਨ। ਸੁਸਾਇਟੀ ਕੋਲੋਂ ਮਹਿੰਗੀਆਂ ਕਰਜ਼ ਲਈਆਂ ਖਾਦਾਂ ਦਾ ਸਾਰਾ ਅਸਰ ਸ਼ੰਗਾਰਾ ਆਪਣੀ ਹੱਥੀਂ ਕਹੀ ਨਾਲ ਰੋੜਨ ਵਾਹੋ ਦਾਹੀ ਭੱਜਾ ਜਾ ਰਿਹਾ ਸੀ। ਪਹਿਲੇ ਟੱਪ ਨਾਲ ਹੀ ਸਾਉਣ ਦੇ ਘਾਹ ਵਿਚ ਲੁਕੇ ਪਾਣੀ ਮਾਰੇ ਡੰਡੇ ਉਤੇ ਬੈਠੇ, ਸੱਪ ਦੇ ਦੋ ਟੋਟੇ ਹੋ ਗਏ।

"ਔਤਰਿਆਂ, ਨਖਾਫਣਿਆਂ! ਦੇਵਤਾ ਵੱਢ ਘਤਿਆ ਈ...।" ਇਕ ਹੋਰ ਤਾਰੋ ਚੀਕ ਪਈ।

o o o

ਤਿੰਨ ਕੁ ਸੌ ਦੋਧੀ ਕੋਲੋਂ ਫੜ ਕੇ, ਕੁਝ ਸੇਪੀ ਕੋਲੋਂ ਸੀਰੀ ਰਲਣ ਲਗਿਆਂ ਅਗਾਊਂ ਫੜ ਕੇ—ਕੁਝ ਦਾਣਾ ਫੱਕਾ ਵੇਚ ਸੰਤੂ ਨੇ ਮੱਝ ਖਰੀਦੀ ਸੀ। ਉਹ ਭਾਵੇਂ ਜਾਣਦਾ ਸੀ ਕਿ ਉਹਦੇ ਬੱਚਿਆਂ ਦੇ ਹਿਸੇ ਤੁਪਕਾ ਦੁਧ ਨਹੀਂ ਆਉਣਾ ਤੇ ਬਾਲਟੀ ਹੰਘਾਲ ਚਾਹ ਹੀ ਬਣਨੀ ਹੈ। ਪਰ ਜਦੋਂ ਦੋਧੀ ਦੇ ਪੈਸੇ ਲੱਥ ਗਏ ਮੱਝ ਤਾਂ ਆਪਣੀ ਹੋਊ...। ਸੰਤੂ ਦੇ ਘਰ ਦੇ ਚਾਰੇ ਪਾਸੇ ਪਾਣੀ ਹੈ...ਪਾਣੀ ਕੱਚੀਆਂ ਕੰਧਾਂ ਖੋਰ ਰਿਹਾ ਹੈ। ਕੰਧ ਡਿੱਗ ਪਈ—ਛੱਤ ਡਿਗ ਪਈ। ਮੱਝ ਹੇਠਾਂ ਹੈ। ਦੂਸਰੇ ਕੋਠੇ ਵਿਚੋਂ ਸੰਤੂ ਨੂੰ ਸੰਤੀ ਤੇ ਅੰਞਾਣਿਆਂ ਦਾ ਚੀਕ ਚਿਹਾੜਾ ਸੁਣ ਰਿਹਾ ਹੈ। ਪੱਥਰ ਬਣਿਆ ਸੰਤੂ ਸੋਚਦਾ ਹੈ ਕਿ ਅਗਲੇ ਪਲ ਮੱਝ ਦਮ ਤੋੜ ਦੇਵੇਗੀ ਕਿ ਸਾਰਾ ਸਾਲ ਸੇਪੀ ਦੀਆਂ ਪੈਲੀਆਂ ਵਿਚ ਹੱਡ-ਭੰਨਵੀਂ ਕਮਾਈ ਦਾ ਮੁੜ੍ਹਕਾ ਦਮ ਤੋੜ ਦੇਵੇਗਾ।

ਹੁਣ ਬੱਚਿਆਂ ਨੂੰ ਥੱਲਾ ਹੰਗਾਲਿਆ ਵੀ ਦੁਧ ਨਸੀਬ ਨਹੀਂ ਹੋਵੇਗਾ।

—ਕੋਠੇ ਤੇ ਛੱਤ ਪਾਉਣ ਲਈ ਤੇ ਕੰਧ ਕੱਢਣ ਲਈ ਸੇਪੀ ਦਿਉਂ ਆ ਕੇ ਕਿੰਨੀਆਂ ਰਾਤਾਂ ਜਿਸਮ ਤੋੜਨਾ ਪਊ।

o o o

ਇਹ ਇਕ ਸਕੂਲ ਦੇ ਬੱਚੇ ਹਨ। ਅੱਧਿਆਂ ਤੋਂ ਬਹੁਤਿਆਂ ਦੇ ਤੇੜ ਕੱਛੇ ਤੇ ਅਧੋਰਾਣੇ ਜਿਹੇ ਝੱਗੇ ਹਨ। ਸਿਰੋਂ ਪੈਰੋਂ ਵਰ੍ਹਿਆਂ ਤੋਂ ਨੰਗੇ ਹਨ, ਅੱਜ ਚਿੱਕੜ ਲਿਬੜੇ ਹੀ ਜਮਾਤ ਵਿਚ ਆ ਗਏ ਹਨ। ਉਹਨਾਂ ਕੋਲ "ਮੁਫਤ ਤੇ ਲਾਜ਼ਮੀ" ਵਿਦਿਆ ਲਈ ਨਾ ਤਾਂ ਚੰਦੇ ਹਨ, ਨਾ ਰੈਡਕਰਾਸ ਦੀਆਂ ਟਿਕਟਾਂ ਲਈ ਪੈਸੇ ਤੇ ਨਾ ਹੀ ਕਾਪੀਆਂ ਕਿਤਾਬਾਂ...। ਪਰ ਇਹਨਾਂ ਵਿਚੋਂ ਕਈਆਂ ਨੂੰ ਬਿਨਾਂ ਕਿਤਾਬੋਂ ਹੀ ਸਬਕ ਆਉਂਦਾ ਹੈ।

—ਇਹਨਾਂ ਵਿਚ ਪਿੰਡ ਦੇ ਸਰਦਾਰਾਂ ਦਾ ਮੁੰਡਾ ਹੈ ਜਿਸ ਨੂੰ ਕਈ ਵਾਰ ਸਬਕ ਪੜ੍ਹਾਉਣ ਤੇ ਵੀ ਨਹੀਂ ਆਉਂਦਾ। ਅਗਲੀਆਂ ਜਮਾਤਾਂ ਵਿਚ ਵੀ ਉਹ ਦੋ ਦੋ ਸਾਲ ਲਾ ਕੇ ਮਸਾਂ ਪਾਸ ਹੋਇਆ ਕਰੇਗਾ।

—ਪਰ ਅਜ਼ਾਦ ਭਾਰਤ ਵਿਚ ਇਹ ਸੰਭਵ ਹੈ ਕਿ ਉਹ ਉੱਚੀ ਵਿਦਿਆ ਲਈ ਕਿਸੇ ਬਾਹਰਲੇ ਦੇਸ਼ ਜਾਵੇਗਾ।

—ਫਿਰ ਇਹ ਵੀ ਜ਼ਰੂਰੀ ਹੈ ਉਹ ਪੜ੍ਹਾਈ ਨਹੀਂ ਐਸ਼ ਕਰਕੇ ਪਰਤੇਗਾ। ਫਿਰ ਇਹ ਵੀ ਹੋ ਸਕਦਾ ਹੈ ਉਹ ਅਫਸਰ ਜਾਂ ਕਿਸੇ ਬੋਰਡ ਦਾ ਚੇਅਰਮੈਨ ਬਣੇਗਾ। ਫਿਰ ਰਿਸ਼ਵਤ, ਹੇਰਾ ਫੇਰੀ, ਲੁਟ ਘਸੁਟ ਦੇ ਮੁਕੱਦਮੇ... ਮੁਅੱਤਲੀ।

—ਪਰ ਉਹ ਜਿਸ ਕੋਲ ਕਿਤਾਬ ਨਹੀਂ—ਜਿਸ ਨੇ ਕਿਸੇ ਹੋਰ ਦੀ ਕਿਤਾਬ ਤੋਂ ਸਬਕ ਯਾਦ ਕੀਤਾ ਹੈ—ਉੱਚੀ ਵਿਦਿਆ ਛੱਡਿਆਂ ਉਸ ਨੂੰ ਵੱਡੀ ਜਮਾਤ ਤਕ ਪਹੁੰਚਣ ਦਾ ਵੀ ਹੱਕ ਨਹੀਂ ਹੈ। ਕੁਝ ਸਾਲਾਂ ਤਕ ਇਹਨਾਂ ਸਰਦਾਰਾਂ ਦਾ ਸੀਰੀ ਬਣੇਗਾ।

○ ○ ○

ਕਿਰਪੂ ਸਾਡੇ ਸਕੂਲ ਅਗੋਂ ਦੀ ਰੋਜ਼ ਭੇਡਾਂ ਲੈ ਕੇ ਲੰਘਦਾ ਹੈ, ਜਿਨ੍ਹਾਂ ਦੇ ਮਗਰ ਸਵੇਰ ਤੋਂ ਸ਼ਾਮ ਤਕ ਆਪਣੀਆਂ ਲੱਤਾਂ ਤੁੜਵਾਉਂਦਾ ਰਹਿੰਦਾ ਹੈ। ਮਹੀਨੇ ਪਿਛੋਂ ਉਸ ਦੇ ਬਾਪੂ ਅਮਲੀ ਬਾਰੂ ਨੂੰ ਕੁਝ ਪੈਸੇ ਮਿਲਦੇ ਹਨ। ਕਿਰਪੇ ਦਾ ਨਾਂ ਮੇਰੇ ਸਾਥੀ ਅਧਿਆਪਕਾਂ ਲਾਜ਼ਮੀ ਸਿਖਿਆ ਵਿਚ ਲਿਖਿਆ ਹੈ। ਪਰ ਕਿਰਪੂ ਸਕੂਲ ਨਹੀਂ ਆਉਂਦਾ, ਸਗੋਂ ਸਕੂਲੀ ਬੱਚਿਆਂ ਵਲ ਤਕਦਾ ਲੰਘ ਜਾਂਦਾ ਹੈ।

"ਬਾਰੂ! ਤੂੰ ਕਿਰਪੇ ਨੂੰ ਸਕੂਲ ਨਹੀਂ ਘੱਲਦਾ?" ਇਕ ਦਿਨ ਮੈਂ ਬਾਰੂ ਨੂੰ ਆਖਦਾ ਹਾਂ।

"ਪੜ੍ਹਾਈਆਂ 'ਚ ਕੀ ਪਿਆ ਮਾਸਟਰ! ਤੁਸੀਂ ਦਸ ਸਾਲ ਤਾਲੀਮ ਦੇ ਕੇ ਵੀ ਇਸ ਨੂੰ ਸੱਠਾਂ ਰੁਪਿਆਂ ਦੇ ਸਿਰ ਨਹੀਂ ਕਰਨਾ — ਪਰ ਇਹ ਇਹਨਾਂ ਭੇਡਾਂ ਦੀ ਉੱਨ ਤੋਂ ਛੇ ਵੀਹਾਂ ਕਮਾ ਲੈਂਦ ਹੈ...।"

ਠੀਕ ਹੈ ਇਸ ਪੜ੍ਹ ਕੇ ਕਿਹੜਾ ਅਫਸਰ ਬਣਨਾ ਹੈ, ਮੈਂ ਸਾਥੀ ਅਧਿਆਪਕਾਂ ਵਲ ਤਕਦਾ ਹਾਂ। ਗੱਲ ਤਾਂ ਉਹਨਾਂ ਨੂੰ ਵੀ ਜਚਦੀ ਹੈ — ਪਰ ਲਾਜ਼ਮੀ ਵਿਦਿਆ ਵਿਚ ਨਾਂ ਤਾਂ ਲਿਖਿਆ ਹੈ ਨਾ...। ਅੰਕੜੇ ਜ਼ਰੂਰੀ ਹਨ।

○ ○ ○

ਧੰਤੋ ਰੋਜ਼ ਸਕੂਲ ਅਗੋਂ ਦੀ ਲੰਘ ਕੇ ਜੱਟਾਂ ਜ਼ਿਮੀਂਦਾਰਾਂ ਦੇ ਘਰੀਂ ਗੋਹੇ ਕੂੜੇ ਨੂੰ ਜਾਂਦੀ ਹੈ। ਉਸ ਦੀ ਕੁਖੋਂ ਧੀ ਜਾਂ ਪੁੱਤ ਇਸ ਧਰਤੀ ਤੇ ਆਉਣ ਲਈ ਕਾਹਲੇ ਹਨ। ਪਰ ਉਹ ਚਿੱਕੜ ਲੰਘਦੀ — ਪਾਣੀਆਂ ਵਿਚ ਦੀ ਟੋਕਰੀ ਤੇ ਟੋਕਰੀ ਕੂੜਾ ਕਰਕਟ ਬਾਹਰ ਰੂੜੀ ਤੇ ਸੁੱਟਣ ਜਾ ਰਹੀ ਹੈ। ਪਾਂਥੀਆਂ ਪਥ ਰਹੀ ਹੈ। ਚਿੱਕੜ ਹੰਝ ਸੁਕ ਪਾਉਂਦੀ ਹੈ।

—ਕਲ ਉਹ ਨਹੀਂ ਸੀ ਲੰਘੀ।

—ਅੱਜ ਪਤਾ ਲੱਗਾ ਉਸ ਦੇ ਘਰ ਚੰਨ ਵਰਗਾ ਪੁੱਤ ਜੰਮਿਆ ਹੈ।

—ਪਰਸੋਂ ਫਿਰ ਉਹ ਹੱਥ ਮਾਂਜਾ ਤੇ ਸਿਰ ਤੇ ਟੋਕਰੀ ਰੱਖੀ ਸਾਡੇ ਅੱਗੋਂ ਦੀ ਲੰਘੇਗੀ।

○ ○ ○

ਨੱਥਾ ਮੋਹਤਬਰ ਤੇ ਦਲੇਰ ਰਾਅ ਸਿਖ ਹੈ। ਦਰਿਆ ਤੇ ਸਕੀ ਨਾਲੇ ਵਿਚਕਾਰਲੇ ਬੇਲੇ ਵਿਚ ਪਾਣੀ ਹੀ ਪਾਣੀ ਫਿਰ ਰਿਹਾ ਹੈ। ਪਾਣੀ ਕਰਕੇ ਜੰਗਲੀ ਸੂਰ ਉਪਰ ਨੂੰ ਆ ਗਏ ਹਨ। ਰਾਅ ਆਪਣੀਆਂ ਰੁੜ੍ਹਦੀਆਂ ਜਾ ਰਹੀਆਂ ਛੰਜਾਂ ਅਤੇ ਮਾਲ ਡੰਗਰ ਨੂੰ ਭੁਲ ਸੂਰ ਮਾਰਨ ਲਈ ਇਕੱਠੇ ਹੋ ਗਏ ਹਨ। ਡਾਂਗਾਂ, ਸੂਏ, ਟਕੂਏ ਤੇ ਬਰਛੀਆਂ ਫੜੀਆਂ ਹਨ। ਜਾਨ ਬਚਾਉਂਦਾ ਸੂਰ ਸੱਕੀ ਦੇ ਸੁਕਦੇ ਪਾਣੀ ਵਿਚ ਛਾਲ ਮਾਰ ਦੇਂਦਾ ਹੈ। ਇਕ ਦਮ ਨੱਥਾ ਵੀ ਛਵੀ ਲਈ ਪਿਛੇ ਛਾਲ ਮਾਰ ਦੇਂਦਾ ਹੈ। ਨਾ ਆਪ ਦਿੱਸਦਾ ਹੈ ਤੇ ਨਾ ਸੂਰ ਹੀ...ਪਿਛੇ ਛਾਲਾਂ ਮਾਰਨ ਵਾਲੇ ਵੀ ਨਹੀਂ ਦਿੱਸੇ। ਇਕ ਵਾਰ ਫਿਰ ਸਾਰੇ ਸੂਰ ਪਛਾਨਣ ਵਿਚ ਧੋਖਾ ਖਾ ਗਏ ਹਨ।

ਕਿਉਂ ਕਿ ਉਹਨਾਂ ਮੋਹਤਬਰ ਵੀ ਗਲਤ ਚੁਣਿਆ ਸੀ ਤੇ ਸੂਰ ਵੀ ਧੋਖਾ ਹੀ ਸੀ। ਸਿਰਫ ਢੰਗ ਹੀ ਠੀਕ ਸੀ।

—ਪਛਾਣ ਜਾਰੀ ਹੈ।

—ਇਹ ਲੀਰਾਂ ਕਿਸੇ ਵੀ ਪਲ ਬਲ ਸਕਦੀਆਂ ਹਨ।

○

ਕਹਾਣੀ—

## ਖੁਰਦੀਆਂ ਕੰਧਾਂ

—ਗੁਰਮੇਲ

ਸਾਰੀ ਰਾਤ ਪਾਖਰ ਸਿੰਘ ਜਾਗਦਾ ਰਿਹਾ। ਮੰਜੇ ਤੇ ਪਲਸੇਟੇ ਮਾਰਦਾ ਉਹ ਕਈ ਤਰ੍ਹਾਂ ਦੀਆਂ ਵਿਉਂਤਾਂ ਗੰਦਦਾ ਰਿਹਾ। ਬੇਚੈਨ ਹੋਇਆ ਕਦੇ ਉਹ ਮੰਜੇ ਤੇ ਉਠ ਬਹਿੰਦਾ, ਗੋਡਿਆਂ ਵਿਚ ਸਿਰ ਦੇ ਕੇ ਸੋਚਣ ਲਗ ਜਾਂਦਾ, ਫੇਰ ਲੇਟ ਜਾਂਦਾ। ਸ਼ਰੀਕੇ ਵਿਚੋਂ ਕਰਨੈਲ ਸਿੰਘ ਟਰੈਕਟਰ ਲੈ ਆਇਆ ਸੀ। ਦੋ ਸੌ ਘਰਾਂ ਦੇ ਪਿੰਡ ਵਿਚ ਇਹ ਪਹਿਲਾ ਟਰੈਕਟਰ ਸੀ। ਟਰੈਕਟਰ ਪਿੰਡ ਵਿਚ ਆਉਣ ਤੇ ਸਾਰਾ ਪਿੰਡ ਕਰਨੈਲ ਸਿੰਘ ਦੇ ਘਰ ਆਇਆ। ਲੋਕ ਆਏ ਵਧਾਈਆਂ ਦਿੰਦੇ ਟਰੈਕਟਰ ਦੀ

ਸਲਹੁਤਾਂ ਕਰਕੇ ਮੁੜ ਗਏ। ਪਰ ਪਾਖਰ ਸਿੰਘ ਦੇ ਮਨ ਦਾ ਚੈਨ ਉਡ ਗਿਆ। ਘਰ ਵਿਚ ਪੈਸੇ ਨਹੀਂ ਸਨ ਨਹੀਂ ਤਾਂ ਪਾਖਰ ਸਿੰਘ ਨੇ ਢਿੱਲ ਨਹੀਂ ਕਰਨੀ ਸੀ, ਸ਼ਰੀਕ ਦੇ ਬਰਾਬਰ ਟਰੈਕਟਰ ਲਿਆ ਖੜਾ ਕਰਨਾ ਸੀ। ਮਯੂਸੀ ਵਿਚ ਉਸਨੇ ਰਾਤ ਦੀ ਰੋਟੀ ਵੀ ਨਾ ਖਾਧੀ। ਅਸਲ ਵਿਚ ਉਸਦੀ ਭੁਖ ਹੀ ਮਰ ਚੁਕੀ ਸੀ।

ਮੂੰਹ ਹਨੇਰੇ ਕਰਨੈਲ ਸਿੰਘ ਦੇ ਵੱਡੇ ਮੁੰਡੇ ਨੇ ਟਰੈਕਟਰ ਸਟਾਰਟ ਕੀਤਾ। ਪਾਖਰ ਸਿੰਘ ਦੇ ਦਿਲ ਦੀ ਧੜਕਣ ਵੀ ਟਰੈਕਟਰ ਦੇ ਇੰਜਨ ਵਾਂਗ ਰੁਕ ਰੁਕ ਤੇਜ਼ ਹੋ ਗਈ। ਘਬਰਾ ਕੇ ਪਾਖਰ ਸਿੰਘ ਨੇ ਮੂੰਹ ਸਿਰ ਰਜਾਈ ਵਿਚ ਲਪੇਟ ਲਿਆ। ਉੱਚੀ ਅਵਾਜ਼ ਵਿਚ ਸਤਿਨਾਮ ਵਾਹਿਗੁਰੂ ਦਾ ਜਾਪ ਜਪਣਾ ਸ਼ੁਰੂ ਕਰ ਦਿਤਾ। ਟਰੈਕਟਰ ਦੀ ਅਵਾਜ਼ ਨੂੰ ਅਨਸੁਣੀ ਕਰਨ ਦੀ ਵਿਅਰਥ ਕੋਸ਼ਿਸ਼ ਕਰਦਾ ਰਿਹਾ। ਟਰੈਕਟਰ ਜਾ ਚੁਕਿਆ ਸੀ। ਪਾਖਰ ਸਿੰਘ ਦੇ ਪਾਠ ਕਰਨ ਦੀ ਆਵਾਜ਼ ਵੀ ਠੰਡੀ ਹੋ ਗਈ। ਸਿਆਲ ਦੀ ਰੁੱਤੇ ਉਸਦੇ ਮੂੰਹ ਮੱਥੇ ਤੇ ਮੁੜਕਾ ਆ ਗਿਆ ਸੀ। ਚਾਹ ਪੀਤੇ ਬਗੈਰ ਪਾਖਰ ਸਿੰਘ ਨੇ ਮੰਜੇ ਤੋਂ ਕਦੇ ਪੈਰ ਥੱਲੇ ਨਹੀਂ ਲਾਹਿਆ ਸੀ। ਅਜ ਉਹ ਉਨੀਂਦੇ ਤੇ ਚਿੰਤਾ ਦਾ ਭੰਨਿਆ ਖੇਤ ਨੂੰ ਤੁਰ ਪਿਆ।

ਦਿਨ ਚੜ੍ਹੇ ਸੀਰੀ ਖੇਤ ਪਹੁੰਚਿਆ। ਪਾਖਰ ਸਿੰਘ ਨੇ ਸੀਰੀ ਦੀ ਬਗੈਰ ਕਿਸੇ ਗਲੋਂ ਮਾਂ ਭੈਣ ਇਕ ਕਰ ਦਿਤੀ। ਸਾਲਾ ਖਾਣ ਲੱਗਾ ਰੱਜਦਾ ਨਹੀਂ। ਕੰਮ ਤੋਂ ਇਉਂ ਭੱਜਦੈ ਜਿਵੇਂ ਡੰਗ ਵਜਦਾ ਹੋਵੇ। ਉਤੋਂ ਦੁਪਹਿਰਾ ਆ ਗਿਆ ਪੱਠਿਆਂ ਨੂੰ ਸ਼ਾਲਾ ਮੇਰਾ ਹੁਣ ਆ ਗਿਆ ਦਾਤੀ ਚੁੱਕ ਕੇ।"

"ਬਾਬਾ ਕੱਲ ਵੇਲਾ ਹੀ ਹੈ। ਅਜ ਤੂੰ ਹੀ ਪਹਿਲਾਂ ਆ ਗਿਆਂ।" ਸੀਰੀ ਦੀ ਦਲੀਲ ਸੱਚੀ ਸੀ। ਪਾਖਰ ਸਿੰਘ ਗੁੱਸੇ ਦੀ ਜ਼ਹਿਰ ਦਿਲ ਵਿਚ ਹੀ ਪੀ ਗਿਆ।

ਅੱਧੀ ਪੌਣੀ ਰੋਟੀ ਢਿੱਡ ਵਿਚ ਸੁਟ ਪਾਖਰ ਸਿੰਘ ਧਰਮਸਾਲਾ ਦੇ ਖੁੰਢਾਂ ਤੇ ਜਾ ਬੈਠਾ। ਬਾਬਾ ਭਾਨਾ ਬੋਲ ਰਿਹਾ ਸੀ, "ਬਈ ਨਹੀਂ ਰੀਸਾਂ ਜੱਟ ਦੀਆਂ ਟਰੈਕਟਰ ਲੈ ਆ ਆਇਆ। ਕਹਿੰਦੇ ਦਿਨ ਚੁ ਹੀ ਸਾਰੀ ਵਾਹ ਤੀ।" ਪਾਖਰ ਸਿੰਘ ਡੁੰਨ-ਵੱਟਾ ਬਣੀ ਬੈਠਾ ਗੱਲਾਂ ਸੁਣਦਾ ਰਿਹਾ। ਚੁਗਿਰਦੇ ਨੂੰ ਗੁਸੈਲੀਆਂ ਅੱਖਾਂ ਨਾਲ ਵਿੰਨਦਾ ਰਿਹਾ। ਅਜ ਧਰਮਸਾਲਾ ਦਾ ਮਹੌਲ ਉਸਨੂੰ ਸਾਹ ਘੁੱਟੂ ਮਹਿਸੂਸ ਹੋ ਰਿਹਾ ਸੀ। ਬਹੁਤਾ ਚਿਰ ਉਹ ਉਥੇ ਬੈਠ ਨਾ ਸਕਿਆ। ਘਰ ਵਾਪਸ ਮੁੜ ਆਇਆ। ਘਰੇ ਪੈਰ ਪਾਉਂਦਿਆਂ ਸਾਰ ਜਵਾਨ ਪੁੱਤਾਂ ਨੂੰ ਗਾਲ੍ਹਾਂ ਕੱਢਣ ਲਗ ਪਿਆ। "ਬੌਤੇ ਜਿੱਡੇ ਹੋਏ ਫਿਰਦੇ ਸਾਲੇ। ਹਯਾ ਨੀ ਆਉਂਦੀ। ਸ਼ਰੀਕ ਨੇ ਨੱਕ ਵੱਢ ਦਿਤਾ।" ਗੁਸੇ ਵਿਚ ਅੱਗ ਵਰਾਉਂਦਾ ਉਹ ਫੇਰ ਘਰੋਂ ਬਾਹਰ ਨਿਕਲ ਗਿਆ।

ਦਿਨ ਢਲੇ ਦੀ ਚਾਹ ਪੀਤੇ ਬਗੈਰ ਉਹ ਖੇਤ ਗੇੜਾ ਮਾਰਨ ਚਲਿਆ ਗਿਆ। ਕਰਨੈਲ ਸਿੰਘ ਤੇ ਪਾਖਰ ਸਿੰਘ ਚਾਚੇ ਤਾਏ ਦੇ ਪੁਤ ਸਨ। ਦੋਹਾਂ ਘਰਾਂ ਦੀ ਜ਼ਮੀਨ ਦੇ ਬੰਨੇ ਸਾਂਝੇ ਸਨ। ਜ਼ਮੀਨ ਵਿਚ ਲਗਾ ਖੂਹ ਸਾਂਝਾ ਸੀ। ਰਾਹ ਛੱਡ ਪਾਖਰ ਸਿੰਘ ਖੂਹ ਨੂੰ ਜਾਂਦੀ ਪਹੀ ਦਾ ਮੋੜ ਮੁੜਿਆ ਤਾਂ ਉਹਦੀ ਨਜ਼ਰ ਖੂਹ ਕੋਲ ਖੜੇ ਟਰੈਕਟਰ ਤੇ ਪਈ। ਪਾਖਰ ਸਿੰਘ ਠੇਡਾ ਖਾ ਕੇ ਡਿੱਗਦਾ ਮਸੀਂ ਬਚਿਆ। ਪੀੜ ਨਾਲ ਕਰਹੁੰਦਾ ਉਹ ਖੂਹ ਨੂੰ ਜਾਂਦੀ ਪਹੀ ਛੱਡ ਖਾਲ ਦੀ ਵੱਟ ਤੇ ਬਹਿ ਗਿਆ। ਦਿਨ ਢਲਣ ਤਕ ਉਹ ਸਥਿਲ ਬੈਠਾ ਸੋਚਦਾ ਰਿਹਾ। ਪਿੰਡ ਨੂੰ ਮੁੜਦੇ ਟਰੈਕਟਰ ਦੀ ਅਵਾਜ਼ ਸੁਣ ਉਹ ਤਰੱਬਕ ਉਠਿਆ। ਦੂਰ ਤਕ ਉਸਦੀ ਨਜ਼ਰ ਟਰੈਕਟਰ ਦੀ ਪਿੱਠ ਨੂੰ ਸੇਲੇ ਮਾਰਦੀ ਰਹੀ।

ਵਧਾਈ ਹੋਵੇ ਸਰਦਾਰਾ! ਆ ਤਾਂ! ਟਰੈਕਟਰ ਵਾਲਾ ਬਹੁਤ ਚੰਗਾ ਕੀਤਾ। ਪਾਖਰ ਸਿੰਘ ਸਹਿਮੀਆਂ ਨਜ਼ਰਾਂ ਨਾਲ ਪਿਛਾਂਹ ਵਲ ਝਾਕਿਆ। ਵਸਾਖਾ ਝਿਊਰ ਖੱਬਲ ਘਾਹ ਦੀ ਪੰਡ ਸਿਰ ਤੇ ਚੁਕੀ ਖੜਾ ਹੱਸ ਰਿਹਾ ਸੀ। "ਹੁਣ ਤਾਂ ਸਰਦਾਰਾ ਵਾਹਿਗੁਰੂ ਦੀ ਕ੍ਰਿਪਾ ਨਾਲ ਧੰਨ ਧੰਨ ਹੋਜੂ।" ਪਾਖਰ ਸਿੰਘ ਜਵਾਬ ਵਿਚ ਰੁੱਖਾ ਹਾਸਾ ਹੱਸਿਆ। ਵਸਾਖਾ ਸਿੰਘ ਆਪਣੀ ਆਦਤ ਮੁਤਾਬਕ ਵਧਾਈਆਂ ਦਿੰਦਾ ਪਿੰਡ ਨੂੰ ਤੁਰ ਪਿਆ। ਪਾਖਰ ਸਿੰਘ ਵੀ ਉਠਿਆ ਮੋੜੇ ਤੋਂ ਖੱਦਰ ਦਾ ਡਵੱਟਾ ਲਾਹ ਮੂੰਹ ਪੂੰਝਦਾ ਖੂਹ ਨੂੰ ਜਾਂਦੀ ਪਹੀ ਤੇ ਤੁਰ ਪਿਆ।

ਖੂਹ ਦੀ ਮੌਣ ਤੇ ਬੈਠਿਆਂ ਪਾਖਰ ਸਿੰਘ ਨੂੰ ਮੂੰਹ ਹਨੇਰਾ ਹੋ ਗਿਆ। ਅਸਲ ਵਿਚ ਉਹ ਆਪ ਹੀ ਦਿਨ ਖੜੇ ਘਰ ਨਹੀਂ ਮੁੜਨਾ ਚਾਹੁੰਦਾ ਸੀ। ਹਨੇਰੇ ਦੀ ਆੜ ਲੈ, ਮੂੰਹ ਡਵੱਟੇ ਨਾਲ ਲਪੇਟ ਲੁਕਦਾ ਲੁਕਾਉਂਦਾ ਉਹ ਘਰ ਵੜਿਆ।

ਚਿੱਤ ਰਾਜ਼ੀ ਨਹੀਂ ਦਾ ਬਹਾਨਾ ਲਾ ਕੇ ਉਸਨੇ ਰਾਤ ਦੀ ਰੋਟੀ ਨਾ ਖਾਧੀ। ਪਸ਼ੂਆਂ ਵਾਲੇ ਦਲਾਨ ਵਿਚ ਮੰਜਾ ਡਾਹ ਕੇ ਉਹ ਬਹਿ ਗਿਆ। ਘਰ ਵਿਚ ਟਰੈਕਟਰ ਜੋਗੇ ਪੈਸੇ ਨਹੀਂ ਸਨ। ਸਾਕ-ਸਬੰਧੀ ਮਦਦ ਕਰਨੋਂ ਅਸਮਰਥ ਸਨ। ਫੇਰ ਜੱਟ ਆਪਣਾ ਝੱਟ ਹੀ ਤਾਂ ਮਸਾਂ ਟਪਾਉਂਦਾ

ਹੈ। ਪਾਖਰ ਸਿੰਘ ਦੀ ਸੋਚ ਨੇ ਕੋਈ ਰਾਹ ਨਾ ਦਿਤਾ। ਕਿੰਨਾ ਹੀ ਚਿਰ ਉਹ ਬੁੜ ਬੁੜ ਕਰਦਾ ਰਿਹਾ। ਘਰਦਿਆਂ ਨੂੰ ਬੁਰਾ ਭਲਾ ਬੋਲਦਾ ਰਿਹਾ। ਕਰਨੈਲ ਸਿੰਘ ਨੂੰ ਗਾਲਾਂ ਕੱਢਦਾ ਰਿਹਾ।

ਇਕੋ ਖੁਰਲੀ ਤੇ ਬੰਨੀਆਂ ਦੋ ਮੱਝਾਂ 'ਚੋਂ ਬੂਰੀ ਨੇ ਆਪਣਾ ਖੁਰ ਗਲ ਵਿਚਲੇ ਸੰਗਲ ਵਿਚ ਅੜਾ ਲਿਆ। ਖੜਕਾ ਸੁਣ ਪਾਖਰ ਸਿੰਘ ਮੰਜੇ ਤੋਂ ਉਠਿਆ। ਬੂਰੀ ਦਾ ਖੁਰ ਸੰਗਲ ਵਿਚੋਂ ਕੱਢ ਉਹ ਦਲਾਨ ਦੇ ਵੜਡੇ ਦਰਵਾਜ਼ੇ ਵੱਲ ਤੁਰ ਪਿਆ। ਦਰਵਾਜ਼ੇ ਦੀ ਝੀਤ ਵਿਚੋਂ ਬਾਹਰ ਕਰਨੈਲ ਸਿੰਘ ਦੇ ਬਾੜੇ ਵਲੋਂ ਝਾਤ ਮਾਰੀ। ਸਾਹਮਣੇ ਟਰੈਕਟਰ ਚੰਨ-ਚਾਨਣੀ ਰਾਤ ਵਿਚ ਖੜਾ ਚਮਕ ਰਿਹਾ ਸੀ। ਪਾਖਰ ਸਿੰਘ ਸਾੜੇ ਭਰੇ ਗੁਸੇ ਨਾਲ ਲਾਲ ਪੀਲਾ ਹੋ ਗਿਆ। ਉਸਦੇ ਹੱਥ ਪੈਰ ਸੁੰਨ ਹੋ ਗਏ। ਕਾਫੀ ਦੇਰ ਤਕ ਉਹ ਝੀਤ ਵਿਚੋਂ ਟਰੈਕਟਰ ਨੂੰ ਘੂਰਦਾ ਰਿਹਾ। ਫੇਰ ਅਚਾਨਕ ਹੀ ਹੁਜਕੇ ਨਾਲ ਉਹ ਦਰਵਾਜ਼ੇ ਤੋਂ ਪਿਛਾਂਹ ਹਟ ਗਿਆ। ਮਹਿੰਦਾ ਗਿੱਲਾ ਗੋਹਾ ਦੋਨਾਂ ਹੱਥਾਂ ਵਿਚ ਭਰ ਲਿਆ। ਹੌਲੀ ਹੌਲੀ ਪੈਰ ਦੇ ਠੁਡ ਨਾਲ ਦਰਵਾਜ਼ਾ ਖੋਲ੍ਹ ਬਾਹਰ ਆ ਗਿਆ। ਚੋਰ ਕਦਮੀਂ ਕੰਡਿਆਲੀ ਤਾਰ ਤੋਂ ਬੱਚਦਾ ਬਚਾਉਂਦਾ ਉਹ ਟਰੈਕਟਰ ਕੋਲ ਪਹੁੰਚਿਆ। ਗਿੱਲਾ ਗੋਹਾ ਉਸਨੇ ਟਰੈਕਟਰ ਦੀ ਬਾਡੀ ਤੇ ਲਿੱਪ ਦਿਤਾ। ਗੁਸੇ ਵਿਚ ਟਰੈਕਟਰ ਤੇ ਪੈਰ ਮਾਰਿਆ। ਦੁਖਦਾ ਥਾਂ ਟਰੈਕਟਰ ਦੇ ਪਹੀਏ ਤੇ ਵੱਜਾ। ਪਾਖਰ ਸਿੰਘ ਦੇ ਮੂੰਹ ਚੋਂ ਚੀਕ ਨਿਕਲਦੀ ਮਸਾਂ ਰੁਕੀ। ਲੰਘ ਮਾਰਦਾ ਡਿੱਗਦਾ ਢਹਿੰਦਾ ਉਹ ਮੰਜੇ ਤੇ ਆ ਢੇਰੀ ਹੋਇਆ।

ਧੁੱਪ ਵਿਹੜੇ ਵਿਚ ਆ ਗਈ ਸੀ। ਪਾਖਰ ਸਿੰਘ ਮੰਜੇ ਤੋਂ ਉਠਿਆ ਨਹੀਂ ਸੀ। ਪ੍ਰੇਮ ਕੌਰ ਨੇ ਹਲੂਣ ਕੇ ਜਗਾਉਣ ਦੀ ਕੋਸ਼ਿਸ਼ ਕੀਤੀ। ਠੰਡੇ ਹੱਥ ਪੈਰ ਟੋਹ ਕੇ ਉਹ ਘਾਬਰ ਗਈ। ਵਡੇ ਮੁੰਡੇ ਨੂੰ ਆਵਾਜ਼ ਮਾਰੀ। "ਵੇ ਜਗੀਰਿਆ ਤੇਰੇ ਬਾਪੂ ਨੂੰ ਲੱਗਦੈ ਠੰਡ ਲਗ ਗਈ ਐ। ਉਠਦਾ ਹੀ ਨਹੀਂ।" ਪਾਖਰ ਸਿੰਘ ਬੇ-ਸੁਧ ਪਿਆ ਛੱਤ ਵਲ ਟਿੱਕਟਕੀ ਬੰਨ੍ਹੀ ਵੇਖਦਾ ਰਿਹਾ। ਛੋਟਾ ਮੁੰਡਾ ਅੰਮੀ ਚੰਦ ਹਕੀਮ ਨੂੰ ਬੁਲਾਉਣ ਭਜਿਆ। ਸਾਰੀ ਰਾਤ ਪਾਖਰ ਸਿੰਘ ਰਜਾਈ ਤੋਂ ਬਗੈਰ ਪਿਆ ਰਿਹਾ ਸੀ। ਛਾਤੀ ਠੰਡ ਨਾਲ ਜੁੜ ਗਈ ਸੀ। ਹੌਲੀ ਹੌਲੀ ਉਸਨੇ ਅੱਖਾਂ ਝੱਪਕੀਆਂ। ਮੂੰਹ ਖੋਲ੍ਹਿਆ ਬੁੜਬੁੜਾਇਆ "...ਆ ...ਪਾਂ...ਟਰੈ...ਕਟ...ਕਿਥੋਂ...ਲਿਆ...।" ਪਾਖਰ ਸਿੰਘ ਨੂੰ ਹਿੱਚਕੀ ਆਈ ਅਤੇ ਉਸਦੀ ਧੌਣ ਇਕ ਪਾਸੇ ਨੂੰ ਢਿੱਲਕ ਗਈ।

o

# ਉਹ ਦਿਨ

—ਨਰਿੰਜਨ ਤਸਨੀਮ

ਬੁੱਢਾਂ ਦੇ ਘਰ ਵਿਚ ਜਦੋਂ ਮੈਂ ਦਾਖਲ ਹੋਇਆ ਤਾਂ ਵੀ ਮੇਰਾ ਦਿਲ ਧੜਕ ਰਿਹਾ ਸੀ। ਉਹ ਥੱਲੇ ਡਿਓਢੀ ਵਿਚ ਮੰਜੇ ਉੱਤੇ ਬੈਠੀ ਹੁੱਕਾ ਪੀ ਰਹੀ ਸੀ। ਮੈਨੂੰ ਦੇਖਦਿਆਂ ਹੀ ਉਸ ਨੇ ਹੁੱਕੇ ਦੀ ਨਾਲੀ ਮੂੰਹ ਵਿਚੋਂ ਕੱਢ ਦਿੱਤੀ ਅਤੇ ਜ਼ਰਾ ਪਰੇ ਹੋ ਕੇ ਬੈਠ ਗਈ। ਇਹ ਸਭ ਕੁਝ ਅੱਖ ਝਪਕਣ ਵਿਚ ਹੀ ਹੋਇਆ ਅਤੇ ਦੂਸਰੇ ਪਲ ਮੈਂ ਪੌੜੀਆਂ ਚੜ੍ਹ ਗਿਆ। ਸਲਮਾ ਉਪਰਲੇ ਦੋਹਾਂ ਕਮਰਿਆਂ ਵਿਚ ਨਹੀਂ ਸੀ। ਮੈਂ ਉਪਰਲੀਆਂ ਪੌੜੀਆਂ ਵਲ ਹੋਇਆ। ਉਹ ਹੇਠਾਂ ਉਤਰ ਰਹੀ ਸੀ, ਹੱਥ ਵਿਚ ਬਾਲਟੀ ਫੜੀ — ਸ਼ਾਇਦ ਉਹ ਕਪੜੇ ਸੁਕਣੇ ਪਾ ਕੇ ਆਈ ਸੀ। ਮੈਨੂੰ ਖੜਾ ਦੇਖ ਕੇ ਉਹ ਤਿੰਨ ਚਾਰ ਪੌੜੀਆਂ ਤੋਂ ਉਤਾਂਹ ਹੀ ਰੁਕ ਗਈ। ਮੈਂ ਪਹਿਲੀ ਜਾਂ ਦੂਸਰੀ ਪੌੜੀ ਉਤੇ ਖੜਾ ਸੀ। ਘਬਰਾਹਟ ਵਿਚ ਮੈਂ ਦੋ ਤਿੰਨ ਪੌੜੀਆਂ ਹੋਰ ਉੱਪਰ ਚੜ੍ਹ ਗਿਆ। ਅਸੀਂ ਬਿਲਕੁਲ ਕੋਲ ਕੋਲ ਖੜੇ ਸਾਂ ਇਕੋ ਪੌੜੀ ਉੱਤੇ। ਸਿਰ ਨ੍ਹਾ ਕੇ ਉਸ ਨੇ ਆਪਣੇ ਵਾਲ ਮੋਢਿਆਂ ਉੱਤੇ ਖਲੇਰੇ ਹੋਏ ਸਨ। ਉਸ ਦੇ ਮੱਥੇ ਉੱਤੇ ਪਸੀਨੇ ਦੇ ਛੋਟੇ ਛੋਟੇ ਕਤਰੇ ਸਨ ਅਤੇ ਵਾਲਾਂ ਦੀ ਇਕ ਲਿਟ ਉੱਥੇ ਚਿਪਕੀ ਹੋਈ ਸੀ। ਉਸ ਦੀਆਂ ਮੋਟੀਆਂ ਮੋਟੀਆਂ ਕਾਲੀਆਂ ਅੱਖਾਂ ਜਿਵੇਂ ਮੈਨੂੰ ਪਹਿਚਾਨਣ ਦੀ ਕੋਸ਼ਿਸ਼ ਕਰ ਰਹੀਆਂ ਸਨ। ਉਸ ਦੇ ਪਤਲੇ ਗੁਲਾਬੀ ਹੋਠ ਜ਼ਰਾ ਜਿੰਨੇ ਖੁੱਲ੍ਹ ਗਏ ਸਨ ਅਤੇ ਇਸ ਦੇ ਸਾਹ ਦੀ ਮੱਧਮ ਆਵਾਜ਼ ਮੈਨੂੰ ਸੁਣਾਈ ਦੇ ਰਹੀ ਸੀ। ਮੈਂ ਉਸ ਦਾ ਹੱਥ ਫੜ ਕੇ ਕਿਤਾਬਾਂ ਦਾ ਬੰਡਲ ਉਸ ਉੱਪਰ ਰੱਖ ਦਿੱਤਾ — ਇਸਦੇ ਦੂਸਰੇ ਹੱਥ ਵਿਚੋਂ ਬਾਲਟੀ ਡਿੱਗ ਪਈ।

"ਕੀ ਹੋਇਆ ਸਲਮਾ, ਡਿੱਗ ਪਈ ਏਂ — ਨੀ ਕੀ ਹੋ ਗਿਆ ਤੈਨੂੰ ?" ਬੁੱਢਾਂ ਥੱਲਿਓਂ ਜਿਵੇਂ ਚੀਕਾਂ ਮਾਰਨ ਲਗ ਪਈ ਹੋਵੇ।

"ਕੁਝ ਨਹੀਂ ਹੋਇਆ, ਮਾਂ — ਮੇਰਾ ਪੈਰ ਵੱਜਾ ਏ ਬਾਲਟੀ ਨੂੰ।"

ਪਤਾ ਨਹੀਂ ਜਿਵੇਂ ਮੈਂ ਇਕੋ ਛਾਲ ਵਿਚ ਪੌੜੀਆਂ ਉਤਰ ਕੇ ਮੁਘ ਕੋਲ ਆਣ ਖਲੋਤਾ ਸੀ।

"ਵੇ ਸੱਟ ਤਾਂ ਨਹੀਂ ਲੱਗੀ, ਬੀਰੀ ਪੁੱਤ।" ਉਸ ਨੇ ਮੈਨੂੰ ਥੱਲੇ ਵਲ ਤੱਕਦਿਆਂ ਹੋਇਆਂ ਵੇਖ ਕੇ ਹੁੱਕਾ ਫਿਰ ਪਰੇ ਕਰ ਦਿੱਤਾ ਸੀ।

"ਨਹੀਂ, ਕੋਈ ਸੱਟ ਨਹੀਂ ਲੱਗੀ — ਬਸ, ਬਾਲਟੀ ਨੂੰ ਜ਼ਰਾ ਜਿੰਨਾ ਚਿੱਬ ਪੈ ਗਿਆ ਏ।" ਮੈਂ ਬਾਲਟੀ ਨੂੰ ਚੁੱਕ ਕੇ ਦੇਖ ਰਿਹਾ ਸਾਂ।

"ਚਲ ਕੋਈ ਨਹੀਂ — ਹੈਂ ਬਾਲਟੀ ਨੂੰ ਚਿੱਬ ਪੈ ਗਿਆ ?" ਬੁੱਢਾਂ ਨੂੰ ਜਿਵੇਂ ਹੁਣ ਪੂਰੀ ਗੱਲ ਦੀ ਸਮਝ ਆਈ ਹੋਵੇ।

"ਕੋਈ ਖ਼ਾਸ ਨਹੀਂ ਪਿਆ ਚਿੱਬ ਬੇਬੇ, ਘਬਰਾ ਨਾ।" ਸਲਮਾ ਨੇ ਬਾਲਟੀ ਮੇਰੇ ਹੱਥੋਂ ਫੜ ਲਈ। ਇਸ ਦੀ ਆਵਾਜ਼ ਵਿਚ ਚੀਨੀ ਦੇ ਪਿਆਲਿਆਂ ਦੇ ਟਕਰੱ ਜਾਣ ਵਾਲੀ ਖਣਕ ਸੀ।

ਉਸ ਦਾ ਚਿਹਰਾ ਜਿਹੜਾ ਪੌੜੀਆਂ ਵਿਚ ਚਿੱਟਾ ਚਿੱਟਾ ਲੱਗ ਰਿਹਾ ਸੀ, ਹੁਣ ਗ਼ੁਲਾਬੀ ਭਾਅ ਮਾਰਨ ਲਗ ਪਿਆ ਸੀ। ਉਸ ਦੀਆਂ ਅੱਖਾਂ ਵਿਚ ਅਣੋਖੀ ਚਮਕ ਸੀ, ਪਰ ਉਸ ਦਿਆਂ ਬੁੱਲ੍ਹਾਂ ਦਿਆਂ ਕੋਨਿਆਂ ਵਿਚ ਜਿਵੇਂ ਨਫ਼ਰਤ ਸਿਮਟੀ ਹੋਈ ਸੀ—

"ਕਹੀਆਂ ਕਿਤਾਬਾਂ ਨੇ ਇਹ ?"

"ਤੇਰੇ ਵਾਸਤੇ ਨੇ, ਐਫ. ਏ. ਦੀਆਂ ਨੇ।"

"ਤੈਨੂੰ ਕਿੰਨੇ ਕਿਹਾ ਸੀ ਲਿਆਉਣ ਲਈ ?"

"ਕਿੰਨੇ ਕਹਿਣਾ ਸੀ, ਮੈਂ ਆਪ ਹੀ ਲਿਆਇਆ ਹਾਂ। ਇਹ ਦੇਖ ਇੰਗਲਿਸ਼ ਦੀ ਪੋਇਟਰੀ, ਇਹ ਕਹਾਣੀਆਂ ਦੀ ਕਿਤਾਬ, ਇਹ ਫ਼ਾਰਸੀ ਦੀ ਅਤੇ ਇਹ ਦੀਵਾਨੇ ਹਾਲੀ ਪਾਨੀਪਤੀ — ਤੂੰ ਇਹਨਾਂ ਨਾਲ ਕੰਮ ਚਲਾ, ਜਦੋਂ ਭਾਈ ਜਾਨ ਦਾ ਮਨੀਆਰਡਰ ਆ ਗਿਆ, ਹੋਰ ਲੈ ਆਵੀਂ।"

ਕਿਤਾਬਾਂ ਹੱਥ ਵਿਚ ਫੜੀ ਉਹ ਮੇਰੇ ਵਲ ਬਿਟਰ ਬਿਟਰ ਤੱਕੀ ਜਾ ਰਹੀ ਸੀ। ਫਿਰ ਉਹਦੇ ਮੂੰਹ ਵਿਚੋਂ ਨਿਕਲਿਆ — 'ਭਾਈ ਜਾਨ ਦਾ ਮਨੀਆਡਰ।' ਉਸ ਦੇ ਚਿਹਰੇ ਦਾ ਰੰਗ ਇਕ ਦਮ ਬਦਲ ਗਿਆ, ਸੁਰਮਈ ਜਿਹਾ, ਜਿਵੇਂ ਉਸ ਦੀਆਂ ਅੱਖਾਂ ਦਾ ਸੁਰਮਾ ਗਲ੍ਹਾਂ ਉੱਤੇ ਫੈਲ ਗਿਆ ਹੋਵੇ। ਅੱਥਰੂ ਉਸਦੀਆਂ ਗਲ੍ਹਾਂ ਉੱਤੇ ਫੈਲਦੇ ਜਾ ਰਹੇ ਸਨ। ਮੈਂ ਉਸ ਦੇ ਖਿਲਰੇ ਹੋਏ ਵਾਲਾਂ ਦਾ ਇਕ ਗੁੱਛਾ ਹੱਥ ਵਿਚ ਫੜਿਆ ਅਤੇ ਉਸ ਦੀਆਂ ਗਲ੍ਹਾਂ ਉਤੋਂ ਅੱਥਰੂ ਪੂੰਝਣ ਲੱਗ ਪਿਆ। ਉਸ ਨੇ ਮੇਰਾ ਹੱਥ ਫੜ ਲਿਆ।

"ਇਹ ਕਿਤਾਬਾਂ ਤੂੰ ਵਾਪਸ ਲੈ ਜਾ।" ਉਸ ਨੇ ਟੰਗਣੇ ਉਤੋਂ ਚੁੰਨੀ ਲਾਹ ਕੇ ਗਲ ਵਿਚ ਪਾ ਲਈ ਅਤੇ ਪੱਲੇ ਨਾਲ ਅੱਖਾਂ ਪੂੰਜੀਆਂ।

"ਇਹ ਕਿਤਾਬਾਂ ਤੇਰੇ ਲਈ ਨੇ, ਸਲਮਾ।" ਮੈਂ ਉਥੇ ਖੜਾ ਸੀ ਪਰ ਪਤਾ ਨਹੀਂ ਮੈਂ ਕਿਥੇ ਖੜਾ ਸੀ।

"ਮੇਰੇ ਲਈ ਕਿਉਂ—? ਕਿਉਂ ਲਵਾਂ ਮੈਂ ਤੇਰੇ ਕੋਲੋਂ ?" ਉਹ ਜਿਵੇਂ ਮੈਨੂੰ ਨਹੀਂ, ਸਗੋਂ ਆਪਣੇ ਆਪ ਨੂੰ ਪੁਛ ਰਹੀ ਸੀ।

"ਕਲ ਮੈਂ ਇਕ ਨਜ਼ਮ ਲਿਖੀ ਸੀ, ਨਜ਼ਮ ਤਾਂ ਨਹੀਂ, ਬਸ ਵਿਚਾਰ ਨੇ ਇਕ ਲੜੀ ਵਿਚ ਪ੍ਰੋਤੇ ਹੋਏ— ਸੁਣਾਵਾਂ ?" ਮੈਂ ਗਲ ਦਾ ਰੁੱਖ ਬਦਲਣ ਲਈ ਕਿਹਾ।

"ਸੁਣਾ—ਦੇਖਾਂ ਤਾਂ ਸਹੀ ਤੂੰ ਕਿਹੋ ਜਿਹਾ ਸ਼ਾਇਰ ਏਂ।" ਉਸ ਦੀਆਂ ਅੱਖਾਂ ਵਿਚ ਸ਼ੋਖੀ ਝਲਕਣ ਲਗੀ।

ਮੈਂ ਉਸ ਇਕੋ ਇਕ ਲੋਹੇ ਦੀ ਬਗੈਰ ਢੋਅ ਵਾਲੀ ਕੁਰਸੀ ਉਤੇ ਬੈਠ ਗਿਆ ਅਤੇ ਉਹ ਇਕ ਮੰਜੀ ਦੀ ਪੈਂਦ ਉਤੇ। ਉਸ ਦੀ ਇਕ ਗਲ੍ਹ ਉਤੇ ਕੱਜਲ ਦਾ ਜਾਂ ਸ਼ਾਇਦ ਸੁਰਮੇ ਦਾ ਹਾਲੀ ਵੀ ਨਿਸ਼ਾਨ ਬਣਿਆ ਹੋਇਆ ਸੀ। ਉਹ ਮੇਰੇ ਵਲ ਇਕ ਸਾਰ ਤੱਕ ਰਹੀ ਸੀ। ਉਸਨੇ ਦੋਵੇਂ ਹੱਥ ਆਪਣੀ ਗੋਦੀ ਵਿਚ ਰਖੇ ਹੋਏ ਸਨ। ਥਲਿਓਂ ਡਿਉੜੀ ਵਿਚੋਂ ਹੁੱਕੇ ਦੀ ਗੁੜ ਗੁੜ ਦੀ ਹਲਕੀ ਹਲਕੀ ਆਵਾਜ਼ ਸੁਣਾਈ ਦੇ ਰਹੀ ਸੀ। ਮੈਂ ਜੇਬ ਵਿਚੋਂ ਕਾਗਜ਼ ਕਢਿਆ, ਉਹ ਮੇਰੇ ਇਕ ਦੋਸਤ ਦੀ ਚਿੱਠੀ ਸੀ। ਮੈਂ ਝੂਠ ਮੂਠ ਉਸ ਕਾਗਜ਼ ਵਲ ਦੇਖਦਾ ਹੋਇਆ, ਨਜ਼ਮ ਸੁਣਾਨ ਲਗ ਪਿਆ। ਉਹ ਚਿੱਠੀ ਤਾਂ ਅੰਗਰੇਜ਼ੀ ਵਿਚ ਸੀ ਅਤੇ ਮੈਂ ਉਥੇ ਬੈਠਾ ਬੈਠਾ ਹੀ ਤੁਕ ਬੰਦੀ ਕਰ ਰਿਹਾ ਸਾਂ—

"ਰਜਨੀ, ਤੂੰ ਮੇਰੀ ਏਂ ਸਾਰੀ ਦੀ ਸਾਰੀ—" ਮੈਂ ਉਸ ਵਲ ਦੇਖਦੇ ਹੋਏ ਇਕ ਲਾਈਨ ਸੁਣਾਈ।

"ਰਜਨੀ, ਕਿ ਸਜਨੀ—" ਉਸ ਨੇ ਪੂਰੀ ਗੰਭੀਰਤਾ ਨਾਲ ਪੁਛਿਆ।

"ਰਜਨੀ—ਜਿਵੇਂ ਅਖ਼ਤਰ ਸ਼ੀਰਾਨੀ ਦੀ ਸਲਮਾ।" ਮੈਂ ਸੁਭਾਵਕ ਹੀ ਕਹਿ ਗਿਆ।

"ਅਖ਼ਤਰ ਦੀ ਗੱਲ ਛੱਡ, ਆਪਣੀ ਕਰ। ਕੀ ਤੂੰ ਕਿਸੇ ਰਜਨੀ ਨੂੰ ਪਿਆਰ ਕਰ ਸਕਦਾ ਏਂ ?" ਅਖ਼ਤਰ

ਸ਼ੀਰਾਨੀ ਦੀ ਸਲਮਾ ਕਹਿਣ ਨਾਲ ਉਸਦੀਆਂ ਗਲ੍ਹਾਂ ਵਿਚ ਜਿਹੜੀ ਲਾਲੀ ਉਭਰੀ ਸੀ, ਉਸ ਉੱਤੇ ਉਸ ਨੇ ਕਾਬੂ ਪਾ ਲਿਆ।

ਕਿਉਂ ਨਹੀਂ ਕਰ ਸਕਦਾ, ਰਜਨੀ ਨਾਲ ਕਿਉਂ ਨਹੀਂ ਕਰ ਸਕਦਾ ਕੋਈ ਪਿਆਰ ?"

ਮੈਨੂੰ ਉਸਦਾ ਇਸ ਤਰ੍ਹਾਂ ਟੋਕਣਾ ਚੰਗਾ ਨਹੀਂ ਸੀ ਲਗ ਰਿਹਾ।

"ਕੋਈ ਤਾਂ ਕਰ ਸਕਦਾ ਹੈ। ਪਰ ਇਕ ਸਿੱਖ ਕਿਵੇਂ ਕਰ ਸਕਦਾ ਹੈ ਕਿਸੇ ਹਿੰਦੂ ਕੁੜੀ ਨਾਲ ਪਿਆਰ ?" ਉਸ ਦੇ ਚਿਹਰੇ ਉਤੇ ਸੋਚ ਦੀ ਮਕੜੀ ਬਰੀਕ ਬਰੀਕ ਜਾਲਾ ਬੁਣ ਰਹੀ ਸੀ।

"ਇਹ ਤੂੰ ਕਿਸ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪੈਂਦੀ ਏਂ, ਸਲਮਾ ? ਰੁਮਾਂਸ ਬੜੀ ਚੀਜ਼ ਏ, ਉਹ ਕਿਸੇ ਮਜ਼ਹਬ ਜਾਂ ਫਿਰਕੇ ਨੂੰ ਨਹੀਂ ਮੰਨਦਾ।" ਮੇਰੇ ਮੂੰਹ ਦਾ ਸਵਾਦ ਬਕਬਕਾ ਹੋ ਗਿਆ ਸੀ।

"ਰੁਮਾਂਸ ? ਕੀ ਹੁੰਦਾ ਏ ਰੁਮਾਂਸ ? ਮੈਨੂੰ ਵੀ ਦੱਸ। ਗਰੀਬੀ ਅਤੇ ਰੁਮਾਂਸ ਦਾ ਕੋਈ ਸਾਥ ਹੈ ਕਿ ਨਹੀਂ ? ਸਾਹਿਰ ਲੁਧਿਆਣਵੀ ਦਾ ਉਹ ਸ਼ਿਅਰ ਯਾਦ ਈ ਨਾ—

ਮੁਰਦਾ ਸ਼ਾਹੋਂ ਕੇ ਮਕਾਬਰ ਸੇ ਬਹਿਲਨੇ ਵਾਲੀ
ਆਪਨੇ ਤਾਰੀਕ ਮਕਾਨੋਂ ਕੋ ਤੋ ਦੇਖਾ ਹੋਤਾ।

ਯਾਦ ਏ ਮੈਨੂੰ, ਸਭ ਯਾਦ ਏ ਸਲਮਾ ਪਰ ਤੂੰ ਇਹ ਕਿਸ ਤਰ੍ਹਾਂ ਦੀਆਂ ਗੱਲਾਂ ਕਰਨ ਲਗ ਪਈ ਏਂ। ਮੈਂ ਇਹਨਾਂ ਗੱਲਾਂ ਨੂੰ ਭੁਲਣ ਲਈ ਹੀ ਤਾਂ—ਤੈਨੂੰ ਇਕ ਰੁਮਾਂਟਿਕ ਨਜ਼ਮ ਸੁਣਾਨ ਲੱਗਾ ਸੀ। ਤੂੰ ਏ ਕਿ ਕਿਸੇ ਸਮੇਂ ਆਪਣੇ ਆਪ ਨੂੰ ਭੁਲਦੀ ਹੀ ਨਹੀਂ। ਤੂੰ ਮੈਨੂੰ ਇਕ ਹਮਉਮਰ ਲੜਕੇ ਦੇ ਤੌਰ ਤੇ ਕਿਉਂ ਨਹੀਂ ਦੇਖਦੀ, ਤੂੰ ਹਮੇਸ਼ਾ ਹਿੰਦੂ ਸਿੱਖ ਮੁਸਲਮਾਨ ਦੇ ਰੂਪ ਵਿਚ ਹੀ ਕਿਉਂ ਦੇਖਦੀ ਏਂ ਹਰ ਇਕ ਨੂੰ। ਪਿਆਰ, ਇਨਸਾਨੀ ਪਿਆਰ, ਆਪਣੇ ਆਪ ਵਿਚ ਮੁਕੰਮਲ ਹੁੰਦਾ ਏ, ਉਸ ਵਿਚ ਫ਼ਿਰਕਾ-ਪ੍ਰਸਤੀ ਦਾ ਰਲਾ ਨਹੀਂ ਰਲਾਣਾ ਚਾਹੀਦਾ। ਕੀ ਤੂੰ ਮੈਨੂੰ ਪਿਆਰ ਨਹੀਂ ਕਰ ਸਕਦੀ, ਬਤੌਰ ਇਕ ਇਨਸਾਨ ਦੇ ? ਇਹ ਕੁਰਸੀ, ਇਹ ਮੰਜੀ, ਇਹ ਹੁੱਕੇ ਦੀ ਗੁੜਗੁੜਾਹਟ—ਇਹ ਸਭ ਕੀ ਏ ? ਮੈਂ ਕਿੰਨਾ ਫਜ਼ੂਲ ਸੋਚਦਾ ਰਹਿੰਦਾ। ਕਹਿੰਦੇ ਨੇ ਜਿਥੇ ਇਹ ਘਰ ਏ ਅਤੇ ਜਿਥੇ ਸਾਡਾ ਘਰ ਏ, ਉਥੇ ਪਹਿਲਾਂ ਕਬਰਾਂ ਹੁੰਦੀਆਂ ਸਨ। ਇਸਦਾ ਮਤਲਬ ਹੈ ਸਾਡੇ ਤੋਂ ਪਹਿਲਾਂ ਵੀ ਕੁਝ ਲੋਕ ਇਸ ਦੁਨੀਆਂ ਵਿਚ ਆਏ ਅਤੇ ਮਰ ਗਏ। ਅਸੀਂ ਤਾਂ ਜੀ ਰਹੇ ਹਾਂ। ਸਾਡੀ ਜ਼ਿੰਦਗੀ ਦਾ ਸਬੂਤ ਇਹ ਏ ਕਿ ਅਸੀਂ ਹਰ ਵੀਰਵਾਰ ਪੀਰਾਂ ਦੀਆਂ ਕਬਰਾਂ ਉੱਤੇ ਚਰਾਗ ਜਗਾਂਦੇ ਹਾਂ, ਮੱਥਾ ਟੇਕਦੇ ਹਾਂ, ਸ਼ੀਰਨੀ ਵੰਡਦੇ ਹਾਂ। ਕੀ ਜ਼ਿੰਦਗੀ ਦੀ ਮਿਠਾਸ ਤੈਨੂੰ ਚੰਗੀ ਨਹੀਂ ਲਗਦੀ ? ਕੀ ਘੁਲ ਗਿਆ ਏ ਤੇਰੀ ਸੋਚ ਵਿਚ ਕਿ ਹਰ ਚੀਜ਼ ਤੈਨੂੰ ਕੌੜੀ ਕੌੜੀ ਲਗਦੀ ਏ। ਦੇਖ ਮੇਰੇ ਵਲ ਦੇਖ, ਇਕ ਨਜ਼ਰ, ਸਿਰਫ ਇਕ ਨਜ਼ਰ—

"ਸਲਮਾ, ਤੈਨੂੰ ਸ਼ਾਇਦ ਪਤਾ ਨਹੀਂ ਕਿ ਮੈਂ ਕਿਸੇ ਰਜਨੀ ਨੂੰ ਪਿਆਰ ਨਹੀਂ ਕਰਦਾ, ਸਿਰਫ ਤੈਨੂੰ ਕਰਦਾ ਹਾਂ।"

"ਚੰਗਾ ਫੇਰ ਏਥੇ ਨਾ ਆਇਆ ਕਰ, ਆਪਣਾ ਪਿਆਰ ਆਪਣੇ ਕੋਲ ਹੀ ਰੱਖ ਸਾਂਭ ਕੇ ਕਿਸੇ ਰਜਨੀ ਲਈ, ਨਹੀਂ ਸੱਚ ਕਿਸੇ ਰਮਿੰਦਰ ਲਈ ਜਾਂ ਜਸਵਿੰਦਰ ਲਈ।',

"ਤੂੰ ਸੱਚ ਮੰਨ ਗਈ ਸੀ ਮੇਰੀ ਗਲ ਦਾ, ਮੈਂ ਤਾਂ ਐਵੇਂ ਮਜ਼ਾਕ ਕਰ ਰਿਹਾ ਸੀ ਤੇਰੇ ਨਾਲ।"

"ਸੱਚ ਮੰਨ ਗਈ ਹੁੰਦੀ ਤਾਂ ਬੇਬੇ ਨੂੰ ਵਾਜ ਨਾ ਮਾਰਦੀ ਮੈਂ ਉਸੇ ਵੇਲੇ।

"ਬੜੀ ਨਿਰਮੋਹੀ ਏਂ ਤੂੰ ਸਲਮਾ, ਅਖਤਰ ਸ਼ੀਰਾਨੀ ਦੀ ਸਲਮਾ ਵਾਂਗ ਪਰ ਉਹ ਤਾਂ ਲਿਖਦਾ ਏ।

"ਆਜ ਸਲਮਾ ਆਏਗੀ ਵਾਦੀ ਮੇਂ"—ਯਾਦ ਈ ਨਾ।"

"ਉਹ ਵੀ ਤੇਰੇ ਵਰਗਾ ਹੀ ਖ਼੍ਵਾਬਪਰਸਤ ਏ, ਹਮੇਸ਼ਾ ਸੁਪਨੇ ਲੈਣ ਵਾਲਾ। ਜ਼ਿੰਦਗੀ ਦੀ ਹਕੀਕਤ ਤੋਂ ਕਿੰਨੀ ਦੂਰ ਹੁੰਦੇ ਨੇ ਇਹ ਸ਼ਾਇਰ।"

"ਜਾਂ ਫਿਰ ਐਨਾ ਨੇੜੇ ਕਿ ਜ਼ਿੰਦਗੀ ਦੀ ਹਕੀਕਤ ਉਨ੍ਹਾਂ ਲਈ ਕੁਝ ਨਹੀਂ ਰਹਿ ਜਾਂਦੀ।

"ਚਲ ਛੱਡ ਇਹ ਗੱਲਾਂ—ਕਿੰਨਿਆਂ ਦੀਆਂ ਕਿਤਾਬਾਂ ਨੇ ਇਹ ?"

"ਬੱਸ ਤੂੰ ਰੱਖ ਲੈ, ਕੀਮਤ ਨਾ ਪੁੱਛ—ਬਸ ਇਹ ਇਕ ਤੋਹਫ਼ਾ ਹੀ ਏ, ਇਕ ਦਰਵੇਸ਼ ਦਾ।"

"ਵੱਡਾ ਦਰਵੇਸ਼ ਆਇਐ, ਸਿੱਧੀ ਤਰ੍ਹਾਂ ਗੱਲ ਕਰ—ਭਾਈ ਜਾਨ ਦਾ ਮਨੀ ਆਰਡਰ ਜਿਸ ਦਿਨ ਵੀ ਆਇਆ ਮੈਂ ਤੈਨੂੰ ਪੈਸੇ ਦੇ ਦਿਆਂਗੀ।"

"ਕਿਸੇ ਦਿਨ ਸਾਡੇ ਘਰ ਤਾਂ ਆਈਂ ਆਪਣੀ ਬੇਬੇ ਨਾਲ।"

"ਬੇਬੇ ਨਾਲ ਕਿਉਂ, ਉਂਜ ਨਾ ਆ ਜਾਵਾਂ ?"

"ਉਂਜ ਕਿਵੇਂ—?"

"ਉਂਜ ਹੀ ਜਿਵੇਂ ਰਜਨੀ ਤੇਰੇ ਸੁਪਨਿਆਂ ਵਿਚ ਆ ਜਾਂਦੀ ਏ।" (ਛਪ ਰਹੇ ਨਾਵਲ ਵਿਚੋਂ)

ਕਹਾਣੀ—

# ਬੇਬੇ

—ਪਾਸੀ

ਤਿੰਨਾਂ ਦਿਨਾਂ ਨੂੰ ਮੁੜਨ ਦਾ ਵਾਅਦਾ ਕਰਕੇ ਗਿਆ ਪੰਦਰਵੇਂ ਦਿਨ ਮੁੜ ਰਿਹਾ ਸਾਂ। ਪਿੰਡ ਵੜਦਿਆਂ ਹੀ ਸਭ ਕੁਝ ਓਪਰਾ ਓਪਰਾ ਲਗ ਰਿਹਾ ਸੀ। ਹਰ ਅੱਖ ਮੇਰੇ ਵਲ ਪ੍ਰਸ਼ਨ ਚਿੰਨ੍ਹ ਬਣ ਉਭਰਦੀ ਤੇ ਮੈਂ ਵਿਸਮਿਕ ਚਿੰਨ੍ਹ ਬਣ ਨੀਵੀਂ ਪਾ ਲੈਂਦਾ। ਅਗੇ ਵੀ ਕਈ ਵਾਰ ਮੈਂ ਦਸ ਦਸ ਪੰਦਰਾਂ ਪੰਦਰਾਂ ਦਿਨ ਘਰੇ ਨਹੀਂ ਸੀ ਆਉਂਦਾ ਪਰ ਅਜ ਵਾਂਗ ਕਦੇ ਨਹੀਂ ਸੀ ਹੋਇਆ। ਬੱਸ, ਚੁਪ ਚਾਪ ਢੀਠ ਬਣ ਘਰੇ ਜਾ ਵੜ੍ਹਦਾ ਸਾਂ। ਐਤਕੀਂ ਕਿਉਂ ?

ਅਜੇ ਘਰ ਦੇ ਨੇੜੇ ਹੀ ਪਹੁੰਚਿਆ ਸਾਂ ਕਿ ਨਾਲ ਲਗਦੇ ਘਰ ਦੇ ਦਲਾਨ ਵਿਚ ਬੈਠੀਆਂ ਪੰਜ ਛੇ ਤੀਵੀਆਂ ਨੇ ਜਿਨ੍ਹਾਂ ਨੂੰ ਗੁਆਂਢੋਂ ਵੱਡੀਆਂ ਹੋਣ ਕਰਕੇ ਆਦਰ ਨਾਲ ਮਾਸੀ ਭਾਬੀ ਆਦਿ ਕਹਿ ਛਡਦਾ ਸਾਂ, ਮੈਨੂੰ ਘੇਰ ਲਿਆ, "ਆ ਗਿਐਂ ਟੁੱਟ ਪੈਣਿਆਂ। ਘਰੇ ਵੜਨ ਨੂੰ ਕਾਹਨੂੰ ਤੇਰਾ ਜੀਅ ਕਰਦੈ। ਕੀ ਕਰੂ ਵੇ ਤੇਰੀ ਦੇਸ਼ ਭਗਤੀ ਜੇ ਬੁੜ੍ਹੀ ਹੌਲ ਨਾਲ ਮਰਗੀ।"

"ਮੈਂ ਅਮਾਂ ਚੀਨ ਨੂੰ ਗਿਆ ਸੀ। ਐਵੇਂ ਬੇਬੇ ਫਿਕਰ ਕਰਦੀ ਰਹਿੰਦੀ ਆ।" ਮੈਂ ਤੁਰੇ ਤੁਰੇ ਜਾਂਦੇ ਜੁਆਬ ਦਿਤਾ ਤੇ ਘਰੇ ਵੜ ਗਿਆ।

ਘਰ ਨੂੰ ਵੇਖ ਕੇ ਮੈਂ ਹੈਰਾਨ ਹੀ ਰਹਿ ਗਿਆ। ਨਕਸ਼ਾ ਹੀ ਬਦਲਿਆ ਪਿਆ ਸੀ। ਬੇਬੇ ਤੂਤ ਹੇਠਾਂ ਮੰਜੇ ਤੇ ਕਿਸੇ ਤਪਦਿਕ ਦੇ ਮਰੀਜ਼ ਵਾਂਗ ਢੱਠੀ ਪਈ ਸੀ। ਵਿਹੜੇ ਵਿਚ ਜੂਠੇ ਭਾਂਡੇ ਖਿਲਰੇ ਪਏ ਸਨ। ਪਸ਼ੂਆਂ ਹੇਠ ਗੋਹਾ ਕੂੜਾ ਉਵੇਂ ਪਿਆ ਸੀ। ਛੋਟੇ ਦੋਵੇਂ ਭਰਾ ਲਿਬੜੇ ਥਿਬੜੇ/ਇਕ ਕਾਗਜ਼ਾਂ ਦੀ ਗੁੱਡੀ ਪਿੱਛੇ ਇਕ ਦੂਜੇ ਦੇ ਜੰਡੇ ਖਿਚ ਰਹੇ ਸਨ। ਵਸਦੇ ਘਰਾਂ ਵਾਲਾ ਕੋਈ ਨਿਸ਼ਾਨ ਨਹੀਂ ਸੀ।

ਮੈਂ ਚੁਪ ਚਾਪ ਜਾ ਬੇਬੇ ਦੇ ਪੁਆਂਦੀ ਬਹਿ ਗਿਆ। ਬੇਬੇ ਨੇ ਪਾਸਾ ਪਰਤਿਆ ਤੇ ਮੈਨੂੰ ਵੇਖ ਕੇ ਭੁੱਬੀਂ ਰੋਣ ਲਗ ਪਈ। "ਹੁਣੇ ਕਾਹਨੂੰ ਆਉਣਾ ਸੀ ਮਰੀ ਤੋਂ ਆਉਂਦਾ...ਅਸੀਂ ਤਾਂ ਸੋਚਦੇ ਸੀ ਮੁੰਡਾ ਉੱਠੂਗਾ ਕੋਈ ਸੁਖ ਦਾ ਸਾਹ ਵੇਖਾਂਗੇ। ਤੂੰ ਤਾਂ ਸਾਨੂੰ ਉਦੂੰ ਵੀ ਮਾਰਤਾ।

ਬੇਬੇ ਰੋਈ ਜਾ ਰਹੀ ਸੀ। ਮੈਂ ਕੋਈ ਗਲ ਕਰਨੀ ਠੀਕ ਨਾ ਸਮਝੀ। ਮੈਨੂੰ ਪਤਾ ਸੀ ਜਿੰਨਾ ਚਿਰ ਬੇਬੇ ਸਾਰਾ ਗੁਭ ਗੁਲ੍ਹਾਟ ਨਹੀਂ ਕੱਢ ਲੈਂਦੀ ਉੱਨਾ ਚਿਰ ਕੋਈ ਗਲ ਕਰਨ ਦਾ ਫਾਇਦਾ ਨਹੀਂ ਹੋਣਾ।

"ਇਥੋਂ ਕਹਿ ਕੇ ਗਿਆ ਮੈਂ ਢੁਡੀ ਕੀ ਚਲਿਆਂ। ਤੁਰਿਆ ਫਿਰਦਾ ਪੱਤ ਨਿਹਾਲੇ ਵਾਲੇ ਜਲੂਸ ਕਢਦਾ। ਪਰਸੋਂ ਜਦੋਂ ਪਤਾ ਲਗਿਆ ਬੱਧਨੀ ਸਰਪੰਚ ਨੇ ਮੁੰਡਿਆਂ ਗੋਲੀ ਚਲਾਤੀ ਮੇਰਾ ਜੀਅ ਪੁਛਿਆ ਹੀ ਜਾਣਦੈ। ਵੇ ਜੇ ਕਿਤੇ ਜਾਹ ਜਾਂਦੀ ਹੋ ਜਾਂਦੀ ਅਸੀਂ ਪੱਟੇ ਡਾਬ ਨਾ ਆਉਂਦੇ। ਪਤਾ ਤੈਨੂੰ ਅਸੀਂ ਕਿਵੇਂ ਪਾਲਿਆ ਪੜ੍ਹਾਇਐ ਦਸ ਤੇਰੀਆਂ ਇਹ ਨੌਜੁਆਨ ਸਭਾਵਾਂ ਯੂਨੀਅਨਾਂ ਸਾਨੂੰ ਕੀ ਤਾਰਨਗੀਆਂ।"

ਬੇਬੇ ਅੱਗੇ ਨਾਲੋਂ ਕੁਝ ਸ਼ਾਂਤ ਹੁੰਦੀ ਜਾ ਰਹੀ ਸੀ। ਮੈਂ ਗੱਲ ਦਾ ਰੁਖ ਬਦਲਣ ਲਈ ਹਸਾਉਣਾ ਜਿਹਾ ਮੂੰਹ ਬਣਾ ਕੇ ਕਿਹਾ, "ਇੰਨੇ ਦਿਨਾਂ ਮਗਰੋਂ ਆਇਆਂ ਬੇਬੇ ਚਾਹ ਤਾਂ ਪੁਛ ਲੈਂਦੀ।"

"ਕੋਈ ਖਾਣ ਪੀਣ ਦੀ ਸੁਧ ਹੋਵੇ ਤਾਂ ਤੈਨੂੰ ਚਾਹ ਪੁਛਦੀ। ਮੈਨੂੰ ਤਾਂ ਆਪ ਪੰਜ ਦਿਨ ਹੋਗੇ ਰੋਟੀ ਖਾਧੀ ਨੂੰ। ਤੂੰ ਆਉਂਦੇ ਨੇ ਪੁਛਿਆ ਬਈ ਬੇਬੇ ਕਿਉਂ ਪਈ ਐਂ ? ਉਂਦੇ ਦੰਦ ਦੁਖਦੇ ਸੀ, ਦੁਧ 'ਚ ਕੁੱਟ ਕੇ ਰੋਟੀ ਖਾ ਲਈ ਤੇ ਉਤੋਂ ਪੀ ਬੈਠੀ ਲੱਸੀ। ਬੱਸ ਉਹ ਮਾਰ ਉੱਠੀ—ਘੁੰਡ ਮੁੜਦੇ ਜਾਣ। ਘਰੇ ਕੋਈ ਨਾ। ਪਤਾ ਨਹੀਂ ਕਿੰਨਾ ਕੁ ਚਿਰ ਏਥੇ ਬੇਸੁਰਤ ਪਈ ਰਹੀ। ਆਹ ਤੇਰੀ ਮਾਸੀ ਅੱਗ ਲੈਣ ਆਈ ਤਾਂ ਵੇਖਿਆ। ਹਾਲ ਪਾਹਰਿਆ ਕਰਕੇ ਬੁੜੀਆਂ ਕੱਠੀਆਂ ਕੀਤੀਆਂ। ਘਰੇ ਪੈਸਾ ਕੋਈ ਨਾ...ਵੇ ਮੇਰੇ ਵਰਗੀ ਵੀ ਕੋਈ ਨਕਰਮਣ ਹੋਣੀ ਆ ਪੰਜਾਂ ਪੁੱਤਾਂ ਦੀ ਮਾਂ ਹੋ ਕੇ/ ਇਕਲੀ ਮੌਤ ਨਾਲ ਘੁਲਦੀ ਰਹੀ।"

ਤੇ ਬੇਬੇ ਫੇਰ ਭੁੱਬੀਂ ਰੋਣ ਲੱਗ ਪਈ। ਇੰਨੇ ਨੂੰ ਚਾਰ ਪੰਜ ਬੁੜੀਆਂ ਹੋਰ ਕੱਠੀਆਂ ਹੋ ਗਈਆਂ।" ਸੁਣ ਵੇ ਸੁਰਿੰਦਰਾ। ਹੁਣ ਤੂੰ ਕੋਈ ਨਿਆਣਾ। ਤੂੰ ਕੋਈ ਸ਼ਰਮ ਕਰ। ਜੇ ਫੇਰ ਪੜ੍ਹਿਆ ਲਿਖਿਆ ਨਾ ਹੋਵੇ ਤਾਂ ਤੈਨੂੰ ਸਮਝਾਈਏ। ਘਰ ਵਲੀਂ ਨਿਗਾਹ ਮਾਰ ਕੀ ਬਣਿਆ। ਇਹਨਾਂ ਦੀ ਹੁਣ ਕੋਈ ਉਮਰ ਆ ਕੰਮ ਕਰਨ ਦੀ। ਇਹਦੇ ਹਾਣਦੀਆਂ ਸਾਰਾ ਦਿਨ ਮੰਜੇ ਤੇ ਬੈਠੀਆਂ ਪੋਤੇ ਖਿਡਾਉਂਦੀਆਂ। ਇਹਨੇ ਤਾਂ ਸਾਰੀ ਉਮਰ ਮੇਰੇ ਵਾਂਗੂ ਨਰਕ ਭੋਗਦੀ ਨੇ ਮਰ ਜਾਣਾ।" ਸਾਡੀ ਇਕ ਗੁਆਂਢਣ ਜਿਹੜੀ ਘਰੋਂ ਆਰਥਕ ਪੱਖੋਂ ਸਾਡੇ ਵਾਂਗ ਹੀ ਸੀ, ਕਹਿ

ਰਹੀ ਹੀ।

"ਮੈਂ ਭੈਣੇ ਪਰਸੋਂ ਆਈ। ਮੈਂ ਕਿਹਾ ਕੁੜੇ ਭਜਨੋ ਤੈਨੂੰ ਕੀ ਹੋਇਆ ਦੋਹ ਦਿਨਾਂ 'ਚ ਹੀ ਤੇਰਾ ਰੰਗ ਧੂੰਏਂ ਅਰਗਾ ਹੋ ਗਿਐ। ਕੁੜੇ ਕਹਿੰਦੀ ਹੋਣਾ ਕੀ ਐ। ਜੇ ਹੁਣੇ ਸੁਰਿੰਦਰ ਆ ਜੇ ਮੈਂ ਚੰਗੀ ਭਲੀ ਹੋ ਜਾਂ। ਸਾਰੇ ਪਿੰਡ ਦੀ ਚਾਚੀ ਹਰਨਾਮ ਕੁਰ ਕਹਿ ਰਹੀ ਸੀ।

ਬੇਬੇ ਨੇ ਚੁੰਨੀ ਦੇ ਲੜ ਨਾਲ ਅੱਖਾਂ ਪੂੰਝੀਆਂ ਤੇ ਬਾਕੀ ਆਪਣੀਆਂ ਹਮਦਰਦਨਾਂ ਨੂੰ ਸੰਬੋਧਨ ਕਰਕੇ ਕਹਿਣ ਲਗੀ, "ਭੈਣੇ ਪਤਾ ਨੀ ਇਹਦੇ ਨਾਲ ਇੰਨਾ ਮੋਹ ਕਿਉਂ ਐ। ਬਾਕੀ ਵੀ ਚਾਰ ਛੋਟੇ ਹੈਗੇ ਈ ਐ। ਇਹਦੇ ਬਿਨਾਂ ਉਹ ਭੋਰਾ ਚੰਗੇ ਨਹੀਂ ਲਗਦੇ। ਅੱਗੇ ਤਾਂ ਘਰੇ ਫੋਟੋ ਪਈ ਹੁੰਦੀ ਸੀ, ਵੇਖ ਕੇ ਦਿਲ ਨੂੰ ਧਰਵਾਸ ਆ ਜਾਂਦਾ ਸੀ। ਉਹ ਵੀ ਉਦੋਂ ਲਹਿ ਜਾਣੇ ਠਾਣੇ ਵਾਲੇ ਲੈ ਗੇ। ਭੁਲਾ ਉਹਨਾਂ ਨੇ ਕੀ ਕਰਨੀ ਸੀ।"

ਬੇਬੇ ਦੀਆਂ ਗੱਲਾਂ ਮੈਂ ਚੁਪ ਚਾਪ ਨੀਵੀਂ ਪਾਈ ਦੋਸ਼ੀਆਂ ਵਾਂਗ ਬੈਠਾ ਸੁਣ ਰਿਹਾ ਸਾਂ। ਸਵੇਰ ਦੀ ਨਾ ਰੋਟੀ ਖਾਧੀ ਸੀ ਨਾ ਨਹਾਤਾ ਹੀ ਸੀ। ਮੁੜਕਾ ਪਾਣੀ ਵਾਂਗੂੰ ਬਹਿ ਰਿਹਾ ਸੀ। ਸੋਚਦਾ ਸਾਂ ਇਸ ਇੰਟੈਰੋਗੇਸ਼ਨ ਸੈਂਟਰ ਚੋਂ ਜਾਨ ਛੁਡਾ ਕੇ ਨਿਕਲਾਂ ਪਰ ਕਿਵੇਂ ?

"ਲੈ ਇਹ ਬਣਿਆ ਫਿਰਦਾ ਲੋਕਾਂ ਦਾ ਵੱਡਾ ਹਮਾਇਤੀ। ਜਦੋਂ ਭਰੀ ਪੰਚਾਇਤ 'ਚ ਠਾਣੇਦਾਰ ਨੇ ਪਿਉ ਦੀ ਦਾੜ੍ਹੀ ਪੁਟੀ ਤਾਂ ਕਿਸੇ ਦੀ ਇਹ ਕਹਿਣ ਦੀ ਹਿੰਮਤ ਨਹੀਂ ਪਈ ਬਈ ਇਹਨੂੰ ਭਲੇਮਾਣਸ ਨੂੰ ਕਿਉਂ ਖੱਜਲ ਕਰਦੇ ਓ। ਉਹ ਉਦੋਂ ਦਾ ਸ਼ਰਮ ਦਾ ਮਾਰਿਆ ਸਿਰ ਉਤਾਂਹ ਨਹੀਂ ਚੁਕਦਾ। ਸਾਰੀ ਉਮਰ ਦੀ ਰੱਖੀ ਰਖਾਈ ਪਲ 'ਚ ਖੇਹ 'ਚ ਮਿਲਾਤੀ।"

"ਸਾਹਮਣੇ ਤਾਂ ਇਹਦੇ ਉਹ ਬੋਲਦਾ ਨਹੀਂ। ਮਗਰੋਂ ਗੰਦ ਵੱਢਦਾ। ਮੈਂ ਕਹਿ ਬੈਠੀ ਉਹ ਕੀ ਮਾੜਾ ਕੰਮ ਕਰਦਾ? ਚੋਰੀਆਂ ਡਾਕੇ ਉਹ ਨੀ ਮਾਰਦਾ, ਕੁੜੀਆਂ ਉਹ ਨੀ ਚੱਕਦਾ। ਬਸ ਪੈ ਗਿਆ ਮੇਰੇ ਮਗਰ। ਕਹਿੰਦਾ ਵਿਗਾੜਿਆ ਹੀ ਤੇਰਾ ਐ। ਕੋਈ ਸੌ ਸੌ ਗਾਹਲ ਕੱਢੀ ਹੋਈ ਆ ਮੈਨੂੰ। ਜੇ ਕਿਤੇ ਉਦੋਂ ਇਹ ਆ ਜਾਂਦਾ ਮੈਂ ਪਿੱਟ ਪਿੱਟ ਆਵਦਾ ਆਪ ਨੀਲਾ ਕਰ ਲੈਂਦੀ।

"ਛੱਡ ਪਰੇ ਉਠ ਦਿਉਰ ਮੇਰਾ ਬਾਹਰੋਂ ਗਰਮੀ ਚੋਂ ਭੁਜਦਾ ਆਇਐ ਤੂੰਹ ਰੋਟੀ ਪਾਣੀ ਦੇਹ ਇਹਨੂੰ।" ਮੇਰੀ ਗੁਆਂਢਣ ਭਾਬੀ ਕਹਿੰਦੀ ਹੋਈ ਤੁਰ ਪਈ। ਮੈਂ ਦਿਲ ਹੀ ਦਿਲ ਵਿਚ ਉਸ ਦਾ ਧੰਨਵਾਦ ਕੀਤਾ। ਬੇਬੇ ਉਠ ਰੋਟੀ ਪਾਉਣ ਲੱਗੀ ਤੇ ਬਾਕੀ "ਇਹ ਕੀ ਹਲ ਵਾਹੁੰਦਾ ਆਇਐ?" ਦਾ ਵਿਅੰਗ ਕੱਸਦੀਆਂ ਘਰੋ ਘਰੀ ਤੁਰ ਗਈਆਂ।

ਮੈਂ ਨ੍ਹਮ ਕੇ ਰੋਟੀ ਖਾ ਲਈ ਤੇ ਸੌਣ ਲਈ ਮੰਜੇ ਤੇ ਪਿਆ ਹੀ ਸਾਂ ਕਿ ਬੇਬੇ ਨੇ ਫਿਰ ਆਪਣੀ ਸਿਖਿਆ ਸ਼ੁਰੂ ਕਰ ਲਈ। "ਦੇਖ ਪੁਤ! ਤੂੰ ਪੜ੍ਹਿਆ ਲਿਖਿਆ ਏਂ। ਹੁਣ ਤੂੰ ਘਰ ਦਾ ਭਾਰ ਸੰਭਾਲਣ ਜੋਗਾ ਏਂ। ਖਾਣ ਪੀਣ ਦੀ ਉਮਰ ਐ ਤੇਰੀ। ਕੰਮ ਕਰ ਜੁਆਨੀ ਹੰਢਾ। ਦਰ ਦਰ ਐਵੇਂ ਭਟਕਦਾ ਫਿਰਦੈਂ।......ਚੱਲ ਜੇ ਤੇਰਾ ਸਾਡੇ ਕੋਲ ਰਹਿਣ ਨੂੰ ਦਿਲ ਨਹੀਂ ਕਰਦਾ, ਕਿਤੇ ਬਾਹਰ ਨੌਕਰੀ ਲੱਭ ਲਾ। ਸਾਨੂੰ ਫਿਕਰ ਤਾਂ ਨਾ ਹੋਊ। ਸਰਪੰਚ ਕਹਿੰਦਾ ਸੀ ਤੇਰਾ ਨਾਂ ਨਕਸਲਬਾੜੀਆਂ 'ਚ ਮੂਹਰੇ ਆ।"

"ਐਵੇਂ ਮਾਰਦਾ ਰਹਿੰਦਾ ਸਾਲਾ" ਮੈਂ ਹਰਖ 'ਚ ਆਏ ਨੇ ਕਿਹਾ। ਮੈਨੂੰ ਸਰਪੰਚ ਨਾਲ ਚਿੜ ਸੀ। ਆਪੇ ਲਾ ਕੇ ਬੁਝਾਉਣ ਵਾਲਾ ਪਿੰਡ 'ਚ ਫੋਕੀ ਪੈਂਠ ਬਣਾਈ ਬੈਠਾ ਸੀ।

"ਕਾਹਨੂੰ ਗਾਹਲਾਂ ਕੱਢਦੈਂ? ਜਦੋਂ ਤੇਰੇ ਬਾਪੂ ਨੂੰ ਤੇਰੇ ਬਦਲੇ ਲੈਗੇ ਸੀ ਉਸੇ ਸਰਪੰਚ ਦੀ ਫੇਰ ਮਿੰਨਤ ਕਰਨੀ ਪਈ।......ਚਲ ਨਾ ਵੀ ਹੋਊ ਪੁਤ ਆਪਾਂ ਗਰੀਬਾਂ ਪਾਲਟੀਆਂ ਚੋਂ ਕੀ ਲੈਣਾ। ਇਹ ਤਾਂ ਅਮੀਰਾਂ ਦੇ ਕੰਮ ਹੁੰਦੇ ਆ ਜਿਨ੍ਹਾਂ ਨੂੰ ਢਿੱਡ ਦਾ ਕੋਈ ਫਿਕਰ ਨਹੀਂ ਹੁੰਦਾ।"

"ਤਾਹੀਏਂ ਤਾਂ ਆਪਾਂ ਭੁਖੇ ਮਰਦੇ ਆਂ ਜੇ ਆਪਣੀ ਕੋਈ ਪਾਰਟੀ ਹੈ ਨੀ ਤਾਂ। ਸਾਰੀਆਂ ਪਾਰਟੀਆਂ ਅਮੀਰਾਂ ਦੀਆਂ ਤੇ ਉਹ ਲੁਟ ਖਾਈ ਜਾਂਦੇ ਆ। ਕੋਈ ਵਿਰੋਧ ਕਰਨ ਵਾਲਾ ਹੈਨੀ ਨਾ।" ਮੈਂ ਆਪਣਾ ਗਿਆਨ ਛਾਂਟਣਾ ਸ਼ੁਰੂ ਕਰ ਦਿਤਾ।

"ਤੇ ਹੁਣ ਤੂ ਕੱਲਾ ਹਟਾ ਲੇਂਗਾ" ਬੇਬੇ ਮਿਹਣਿਆਂ ਤੇ ਉਤਰ ਆਈ ਸੀ।

"ਮੈਂ ਕੱਲਾ ਕਿਉਂ ਆਂ? ਮੋਗੇ ਵੇਲੇ ਦੇਖਿਆ ਨੀ ਅਸੀਂ ਕਿੰਨੇ ਆਂ।"

"ਕਿੰਨੇ ਵੀ ਹੋਵੇ ਜਦੋਂ ਲੋਕ ਹੀ ਨੀ ਮਗਰ।"

"ਜਦੋਂ ਸਭ ਕੁਝ ਜਾਣਦੇ ਬੁਝਦੇ ਘਰਦੇ ਹੀ ਨੀ ਮਗਰ, ਲੋਕਾਂ ਨੂੰ ਕੀ ਕਹੀਏ।"

ਬੇਬੇ ਚੁਪ ਕਰ ਗਈ ਤੇ ਮੈਂ ਪਾਸਾ ਲੈ ਕੇ ਅੱਖਾਂ ਮੀਚਦਿਆਂ ਸੌਣ ਦਾ ਯਤਨ ਕਰਨ ਲੱਗਾ। ਬੇਬੇ ਨੇ ਉਠ ਕੇ ਭਾਂਡੇ ਇਕੱਠੇ ਕੀਤੇ ਤੇ ਮਾਂਜਣ ਲੱਗੀ। ਆਪਣੇ ਆਪ 'ਚ ਕੁੜ੍ਹਦੀ ਦੀ ਆਵਾਜ਼ ਮੇਰੇ ਪਏ ਦੇ ਕੰਨਾਂ 'ਚ

ਪੈ ਰਹੀ ਸੀ। "ਪਤਾ ਨਹੀਂ ਕਿਸੇ ਨੇ ਕੀ ਤਵੀਤ ਘੋਲ ਕੇ ਸਿਰ 'ਚ ਪਾਏ ਆ। ਭੋਰਾ ਅਕਲ ਨੀ ਆਉਂਦੀ।" ਤੇ ਫੇਰ ਮੈਨੂੰ ਸੁਨਾਉਣ ਦੇ ਬਹਾਨੇ ਉੱਚੀ ਆਵਾਜ਼ 'ਚ ਬੋਲਣ ਲੱਗੀ, "ਜਿਹੜਾ ਬੰਦਾ ਆਵਦਾ ਘਰ ਨੀ ਸੁਆਰ ਸਕਦਾ ਉਹ ਦੇਸ਼ ਦਾ ਕੀ ਸਵਾਰਦੂ। ਵੱਡੇ ਦੇਸ਼ ਭਗਤ। ਭਲਾ ਡਰਾਮਿਆਂ ਜਲੂਸਾਂ ਨਾਲ ਵੀ ਕਦੇ ਸਰਕਾਰਾਂ ਬਦਲੀਆਂ। ਇੰਦਰਾ ਆਲੀ ਕੋਠੀ ਥੋੜੇ ਆਸਤੇ ਪਈ ਆ ਵੇਹਲੀ......।" ਬੇਬੇ ਦੇ ਵਿਅੰਗ ਸੁਣ ਮੈਨੂੰ ਹਾਸਾ ਆ ਰਿਹਾ ਸੀ। ਕਿਥੇ ਖੜੀ ਸੀ ਸੋਚ ਬੇਬੇ ਦੀ।

ਮਾੜੀ ਜਿਹੀ ਅੱਖ ਲੱਗਣ ਤੇ ਮੈਂ ਗੂੜ੍ਹੀ ਨੀਂਦੇ ਪੈ ਗਿਆ। ਆਥਣੇ ਉਠਿਆ ਤੇ ਮੂੰਹ ਹੱਥ ਧੋ ਕੇ ਪਿੰਡ 'ਚ ਤੁਰਨ ਫਿਰਨ ਨਿਕਲ ਗਿਆ। ਪਿੰਡ ਦੇ ਬਾਕੀ ਨੌਜੁਆਨ ਸਾਥੀਆਂ ਨਾਲ ਗੱਲਾਂ ਬਾਤਾਂ ਮਾਰਦਿਆਂ ਹਾਸਾ ਮਖੌਲ ਕਰਦਿਆਂ ਕਾਫੀ ਅਨੇਰੇ ਘਰੇ ਪਰਤਿਆ। ਬਾਪੂ ਬਾਹਰੋਂ ਆਇਆ ਬੈਠਾ ਸੀ। ਮੈਂ ਉਸ ਦੇ ਚਿਹਰੇ ਵਲ ਤੱਕਿਆ। ਗੁਸੇ ਨਾਲ ਉਹਦੇ ਮੱਥੇ ਚੋਂ ਚਿਣਗਾਂ ਫੁਟ ਰਹੀਆਂ ਸਨ। ਜੁਆਕ ਉਸ ਤੋਂ ਡਰਦੇ ਮੰਜਿਆਂ ਤੇ ਭਿੱਜੀ ਬਿੱਲੀ ਵਾਂਗ ਦੜੇ ਪਏ ਸਨ। ਮੈਂ ਚੁਪ ਚਾਪ ਰੋਟੀ ਖਾਧੀ ਤੇ ਫਿਰ ਬਾਪੂ ਨਾਲ ਆਨੀ ਬਹਾਨੀ ਕੋਈ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਸਫਲ ਰਿਹਾ। ਆਖਰ ਮੰਜਾ ਚਕ ਕੋਠੇ ਤੇ ਜਾ ਪਿਆ।

ਬਾਪੂ ਜੇ ਚਾਰ ਗਾਹਲਾਂ ਵੀ ਕੱਢ ਲੈਂਦਾ ਤਾਂ ਭੋਰਾ ਹਰਖ ਨਹੀਂ ਸੀ ਹੋਣਾ, ਪਰ ਉਸ ਦੀ ਇਹ ਚੁਪ ਮੈਥੋਂ ਸਹਾਰੀ ਨਹੀਂ ਸੀ ਜਾ ਰਹੀ। ਸੋਚਾਂ ਨਾਲ ਮੇਰਾ ਸਿਰ ਭਾਰਾ ਹੋਇਆ ਪਿਆ ਸੀ। ਇਕ ਮਨ ਕਹਿ ਰਿਹਾ ਸੀ—ਮਾਂ ਪਿਉ ਨੂੰ ਦੁਖੀ ਕਰਨ ਦਾ ਕੀ ਫਾਇਦਾ? ਅਰਾਮ ਨਾਲ ਘਰੇ ਬਹਿ ਜਾਵਾਂ। ਮੇਰੇ ਕੱਲੇ ਨਾਲ ਕਿਹੜਾ ਇਨਕਲਾਬ ਬੱਝਾ ਖੜਾ। ਤੇ ਦੂਸਰਾ ਮਨ ਕਹਿ ਰਿਹਾ ਸੀ—ਕੀ ਤੂੰ ਇਹ ਮਾੜੀ ਜਿਹੀ ਤੰਗੀ ਮਹਿਸੂਸ ਕਰਕੇ ਹੀ ਆਦਰਸ਼ ਤੋਂ ਭਟਕ ਜਾਵੇਂਗਾ। ਜਿਸ ਧਰਤੀ ਤੇ ਲੱਖਾਂ ਮਾਵਾਂ ਸਿਸਕ ਸਿਸਕ ਕੇ ਮਰਦੀਆਂ ਹੋਣ, ਇਕ ਦੇ ਖੁਸ਼ ਹੋਣ ਨਾਲ ਸਵਰਗ ਨਹੀਂ ਬਣ ਜਾਂਦੀ। ਖੂਨ ਦੀ ਸਾਂਝ ਨਾਲ ਆਦਰਸ਼ ਦੀ ਸਾਂਝ ਕਿਤੇ ਪਵਿੱਤਰ ਹੈ। ਮਾਂ ਪਿਉ ਦਾ ਦੁਖ ਮਹਿਸੂਸ ਕਰਕੇ ਹਾਰ ਗਏ ਤਾਂ ਮੰਜ਼ਲ ਦੇ ਰਾਹ ਵਿਚ ਆਉਣ ਵਾਲੀਆਂ ਕੰਧਾਂ ਕਿਵੇਂ ਢਾਹੇਂਗਾ। ਤੇ ਇਸੇ ਮਾਨਸਿਕ ਦਵੰਦ 'ਚ ਫਸਿਆ ਮੈਂ ਸੌਂ ਗਿਆ।

ਸਵੇਰੇ ਜਦ ਜੰਗਲ ਪਾਣੀ ਤੋਂ ਵਿਹਲਾ ਹੋ ਕੇ ਮੈਂ ਭਰੋਵਾਲ, ਜਿਥੇ ਨੌਜੁਆਨ ਭਾਰਤ ਸਭਾ ਵਲੋਂ ਦਿਨੇ ਕਨਵੈਨਸ਼ਨ ਤੇ ਰਾਤ ਨੂੰ ਡਰਾਮੇ ਦਾ ਪ੍ਰੋਗਰਾਮ ਰੱਖਿਆ ਸੀ, ਜਾਣ ਬਾਰੇ ਸੋਚਦਾ ਆ ਰਿਹਾ ਸੀ। ਬਾਰ ਵੜਦਿਆਂ ਹੀ ਮੈਂ ਸੁਣਿਆ, "ਓ ਆਪਾਂ ਜੱਟ ਈ ਕਮਲੇ ਆਂ। ਜੇ ਆਹ ਮੋਗੇ ਦੀ ਗੜਬੜ ਵੇਲੇ ਮੁੰਡਿਆਂ ਮਗਰ ਲਗ ਤੁਰਦੇ ਤਾਂ ਅੱਜ ਇੰਨੇ ਔਖੇ ਨਾ ਹੁੰਦੇ। ਦਾਣੇ ਬਾਹਰ ਪਏ ਰੁਲਦੇ ਆ, ਆਪ ਦਿਹਾੜੀ ਪਟਰੌਲ ਪੰਪਾਂ ਤੇ ਗੁਆ ਆਈਦੀ ਆ।" ਇਹ ਆਵਾਜ਼ ਬਾਪੂ ਦੀ ਸੀ ਜੋ ਕੈਨ ਚੱਕੀ ਚਾਚੇ ਨਸ਼ੱਤਰ ਨਾਲ ਤੇਲ ਲੈਣ ਚਲਿਆ ਸੀ।

ਇਹਨਾਂ ਦੋ ਵਾਕਾਂ ਨੇ ਮੈਨੂੰ ਉਲਝਣ ਚੋਂ ਕੱਢ ਲਿਆ। ਮੈਂ ਕਪੜੇ ਪਾ ਕੇ ਝੱਟ ਤਿਆਰ ਹੋ ਗਿਆ। ਤੁਰਨ ਲੱਗਾ ਤਾਂ ਸਾਹਮਣੇ ਬੇਬੇ ਭਰੀਆਂ ਅੱਖਾਂ ਲਈ ਤਰਸ ਦਾ ਪਾਤਰ ਬਣੀ ਖੜੀ ਸੀ।

"ਚਲਿਐਂ! ਕਿਤੇ ਦੋ ਦਿਨ ਰਹਿ ਦਿਲ ਤਾਂ ਠਾਰ ਦਿਆ ਕਰ। ਚੰਗਾ......ਮਰਜ਼ੀ ਐ ਤੇਰੀ। ਛੇਤੀ ਮੁੜੀਂ ......ਆਹ ਲੈ। ਤੇਰੇ ਬਾਪੂ ਤੋਂ ਚੋਰੀ ਰਖੇ ਸੀ।" ਬੇਬੇ ਮੈਨੂੰ ਪੰਦਰਾਂ ਰੁਪਏ ਫੜਾਉਂਦੀ ਹੋਈ ਭਰੇ ਦਿਲ ਨਾਲ ਬੋਲ ਰਹੀ ਸੀ।

"ਨਹੀਂ ਰਹਿਣ ਦੇ ਹੈਗੇ ਆ ਮੇਰੇ ਕੋਲੇ।" ਮੈਂ ਆਪਣਾ ਮਾਣ ਜਿਹਾ ਰੱਖਣ ਦੀ ਖਾਤਿਰ ਕਿਹਾ।

"ਹੈਗੇ ਆ ਤੇਰੇ ਕੋਲੇ? ਮੈਂ ਦੇਖੀ ਸੀ ਜੇਬ ਤੇਰੀ— ਇਕ ਰੁਪਿਆ ਆ ਸਾਰਾ। ਕਿਥੇ ਕਿਥੇ ਲਾਏਂਗਾ— ਕਿਹੜਾ ਕਿਤੇ ਟਿਕ ਕੇ ਬਹਿਣਾ।" ਕਹਿੰਦੀ ਬੇਬੇ ਨੇ ਪੈਸੇ ਮੱਲੋ ਮੱਲੀ ਮੇਰੀ ਜੇਬ 'ਚ ਪਾ ਦਿਤੇ।

ਤੇ ਮੈਂ ਆਪਣੀ ਬੇਬੇ ਦੀ ਤੁਲਣਾ ਗੋਰਕੀ ਦੇ ਪਾਤਰ ਪਵੇਲ ਦੀ ਮਾਂ ਨਾਲ ਕਰਦਾ ਹੋਇਆ ਅੱਡੇ ਵੱਲ ਨੂੰ ਤੁਰ ਪਿਆ।

o

ਕਹਾਣੀ—

## ਲਾਲ ਚੌਂਕ, ਪੀਲੇ ਚਿਹਰੇ

—ਹਰਪਾਲਜੀਤ (ਪਾਲੀ)

ਮੇਰੇ ਸ਼ਹਿਰ ਦਾ ਇਕ ਚੌਂਕ ਹੈ, ਜਿਸ ਨੂੰ ਚੌਂਕ ਕਹਿਣਾ ਸ਼ਾਇਦ ਠੀਕ ਨਾ ਹੋਵੇ। ਅਸਲ ਵਿਚ 'ਪਰਤਾਪ ਸਿੰਘ ਰੋਡ', ਇਥੇ ਆ ਕੇ ਵੱਡੀ ਮੇਨ ਸੜਕ ਨੂੰ

ਕੱਟਦੀ ਹੈ ਤੇ ਤਿਕੋਣੀ ਬਣਦੀ ਹੈ, ਪਤਾ ਨੀਂ ਕਿਉਂ ਲੋਕੀਂ ਫਿਰ ਵੀ ਇਸ ਥਾਂ ਨੂੰ ਚੌਂਕ ਹੀ ਆਖਦੇ ਹਨ।

ਤਕਰੀਬਨ ਹਰ ਰੋਜ਼ ਵਾਂਗ ਹੀ, ਮੈਨੂੰ ਇਥੋਂ ਵੀ ਲੰਘਣਾ ਪੈਂਦਾ ਹੈ। ਕਮਰੇ ਚੋਂ ਕਾਲਜ ਜਾਣ ਲਈ ਮੇਰੇ ਵਾਸਤੇ ਇਹੀ ਰਾਹ ਨੇੜੇ ਪੈਂਦਾ ਹੈ। ਇਸ ਚੌਂਕ ਵਿਚ ਦੀ ਲੰਘਣ ਵੇਲੇ ਮੇਰੇ ਪੈਰਾਂ ਨੂੰ ਮੱਲੋਮੱਲੀ ਹੌਲੀ ਹੋਣਾ ਪੈਂਦਾ ਹੈ। ਬਿਨਾਂ ਕਿਸੇ ਇਸ਼ਾਰੇ ਦੇ, ਲੋਕ ਮਨ-ਮਰਜ਼ੀ ਨਾਲ ਮੋੜ ਕੱਟਦੇ ਹਨ ਤੇ ਤਕਰੀਬਨ ਰੋਜ਼ ਵਾਂਗ ਈ, ਕੋਈ ਨਾ ਕੋਈ ਹਾਦਸਾ ਵਾਪਰਦੈ। ਇਕ ਦਿਨ, ਇਥੇ ਟਰੱਕ ਹੇਠ, ਕੁੱਤੀ ਆ ਗਈ ਸੀ। ਉਸ ਗਰਭਵਤੀ ਕੁੱਤੀ ਦੇ, ਪੇਟ ਦੇ ਹਿੱਸੇ, ਗੋਲੀ ਦੀ ਤੇਜ਼ੀ ਨਾਲ ਆਲੇ ਦੁਆਲੇ ਦੀਆਂ ਦੁਕਾਨਾਂ ਵਿਚ ਜਾ ਡਿੱਗੇ ਸਨ। ਇਸੇ ਹਾਦਸੇ ਵਿਚ ਹੀ 'ਬਾਟਾ' ਵਾਲਿਆਂ ਦਾ ਸ਼ੋਅ ਕੇਸ ਟੁੱਟ ਗਿਆ ਸੀ ਤੇ ਅਜੇ ਤਕ ਉਵੇਂ ਹੀ ਹੈ।ਇਕ ਦਿਨ ਮੈਨੇਜਰ ਦੱਸ ਰਿਹਾ ਸੀ ਕਿ ਉਸਨੇ ਕੰਪਨੀ ਵਾਲਿਆਂ ਨੂੰ ਲਿਖਿਆ ਸੀ ਤੇ ਅਖ਼ਬਾਰੀ ਖ਼ਬਰ ਦੀ ਕਟਿੰਗ ਵੀ ਭੇਜੀ ਸੀ, ਪਰ ਅਜੇ ਤਕ ਨਵੇਂ ਸ਼ੋਅ ਕੇਸ ਦਾ ਵਰਨਣ ਗਾਹਕਾਂ ਕੋਲ ਕਰਦਾ ਰਹਿੰਦਾ ਹੈ। ਉਥੋਂ ਦੀ ਲੰਘਦਿਆਂ ਉਹ ਹਾਦਸਾ, ਮੈਨੂੰ ਵੀ ਯਾਦ ਆ ਜਾਂਦਾ ਹੈ, ਜਿਵੇਂ ਅੱਜ ਈ ਹੋਇਆ ਹੋਵੇ......ਸ਼ਹਿਰ ਦੇ ਭਾਵੇਂ ਹੋਰ ਵੀ ਚੌਂਕ ਹਨ, ਪਰ ਦਸ ਵਜੇ ਤਕ, ਇਸ ਚੌਂਕ ਵਿਚ ਕਾਫ਼ੀ ਭੀੜ ਰਹਿੰਦੀ ਹੈ। ਇਥੇ ਦਿਹਾੜੀਦਾਰ ਲੋਕ ਖੜੇ ਹੁੰਦੇ ਹਨ। ਲੋਕੀਂ ਪਤਾ ਨੀਂ ਕਿਉਂ, ਇਸ ਚੌਂਕ ਨੂੰ ਰੌਣਕੀਲਾ ਮੰਨਦੇ ਹਨ, ਮੈਨੂੰ ਤਾਂ ਕੋਫ਼ਤ ਜਹੀ ਹੁੰਦੀ ਹੈ, ਇਥੋਂ ਦੀ ਜਦ ਵੀ ਲੰਘਦਾ ਹਾਂ। ਮਜ਼ਦੂਰ ਪਸ਼ੂਆਂ ਵਾਂਗ ਖੜੇ ਹੁੰਦੇ ਹਨ, ਲੋਕ ਆਉਂਦੇ ਹਨ ਤੇ ਆਪਣੀ ਲੋੜ ਅਨੁਸਾਰ ਦਿਹਾੜੀਦਾਰ ਲੈ ਜਾਂਦੇ ਹਨ। ਮਿਸਤਰੀ, ਰਾਜਗੀਰ, ਕਲਈ ਕਰਨ ਵਾਲੇ, ਰੋੜੀ ਕੁੱਟਣ ਵਾਲੇ, ਤੂੜੀ ਲੱਦਣ ਵਾਲੇ ਪਲੇਦਾਰ, ਸਭ ਆਪੋ ਆਪਣੀਆਂ ਢਾਣੀਆਂ ਬਣਾਈ ਬੈਠੇ ਰਹਿੰਦੇ ਹਨ, ਦੁਕਾਨਾਂ ਦੇ ਮੂਹਰਲਿਆਂ ਫੱਟਿਆਂ ਤੇ। ਆਪੋ ਆਪਣੇ ਲੋੜੀਂਦੇ ਹਥਿਆਰ, ਝੋਲਿਆਂ 'ਚ ਪਾਈ, ਗੱਲੀਂ ਜੁੱਟੇ ਰਹਿੰਦੇ ਹਨ ਤੇ ਉਡੀਕ ਕਰਦੇ ਰਹਿੰਦੇ ਹਨ, ਕਿਸੇ ਖ਼ਰੀਦਾਰ ਦੀ। ਮੈਨੂੰ ਪਤੈ, ਉਹ ਕੀ ਗੱਲਾਂ ਕਰਦੇ ਹੋਣਗੇ। ਹੁਣ ਤਾਂ ਖੜ੍ਹਨ ਦਾ ਹੌਸਲਾ ਨਹੀਂ ਪੈਂਦਾ। ਵਕਤ ਵੀ ਤਾਂ ਨਹੀਂ ਹੁੰਦਾ। ਅਜੇ ਉਠਦਾ ਈ ਹਾਂ ਕਿ ਟਿਊਸ਼ਨ ਵਾਲੀਆਂ ਕੁੜੀਆਂ ਆ ਜਾਂਦੀਆਂ ਹਨ। ਨਾਲੇ ਉਨ੍ਹਾਂ ਨੂੰ ਪੜ੍ਹਾਈ ਜਾਂਦਾ ਹਾਂ ਤੇ ਨਾਲ ਤਿਆਰੀ ਕਰੀ ਜਾਂਦਾ ਰਹਿੰਦਾ ਹਾਂ, ਬੈੱਡ ਟੀ ਲੈਂਦਾ ਹਾਂ, ਕੋਈ ਕੰਮ ਲਿਖਾਉਂਦਾ ਹਾਂ, ਦੈਨਿਕ ਪੱਤ੍ਰਕਾ ਪੜ੍ਹਦਾ ਹਾਂ, ਫਿਰ ਬੁਰਸ਼...ਲੈਟਰੀਨ, ਫਿਰ ਬਾਥ, ...ਤੇ ਫਿਰ ਦਾਹੜੀ ਅਤੇ ਪਗ ਬੰਨ੍ਹਦਿਆਂ ਬੰਨ੍ਹਦਿਆਂ, ਟਿਊਸ਼ਨ ਦਾ ਸਮਾਂ ਖਤਮ ਹੋ ਜਾਂਦਾ ਹੈ। ਸਵੇਰ ਲਈ ਕੰਮ ਦੱਸਦਾ ਹਾਂ ਤੇ ਫਿਰ ਕਾਲਜ ਨੂੰ ਤੁਰ ਪੈਂਦਾ ਹਾਂ। ਅੱਠ ਪੈਂਤੀ ਤੇ ਪੀਰੀਅਡ ਲਾਉਣਾ ਹੁੰਦਾ ਹੈ। ਮੈਂ ਹਮੇਸ਼ਾਂ ਈ ਕਮਰੇ ਚੋਂ ਪਹਿਲਾਂ ਤੁਰਦਾ ਹਾਂ ਤੇ ਪਛੜ ਕੇ ਪਹੁੰਚਦਾ ਹਾਂ। ਪਰਸੰਗ ਵਾਲੇ ਚੌਂਕ 'ਚ ਪਹੁੰਚ ਕੇ ਪੈਰ ਮੱਲੋ-ਮੱਲੀ ਹੌਲੀ ਹੋ ਜਾਂਦੇ ਹਨ। ਕੋਈ ਨਾ ਕੋਈ ਹਾਦਸਾ ਹੋਇਆ ਹੁੰਦਾ ਹੈ ਤੇ ਜਾਂ ਫਿਰ ਕੋਈ ਨਾ ਕੋਈ ਹਾਦਸਾ ਯਾਦ ਆ ਜਾਂਦਾ ਹੈ ਤੇ ਮੈਂ ਸੋਚਦਾ ਸੋਚਦਾ ਜਦ ਕਾਲਜ ਪਹੁੰਚਦਾ ਹਾਂ ਤਾਂ ਕੁਝ ਮਿੰਟ ਲੇਟ ਹੁੰਦਾ ਹਾਂ। ਕੁੜੀਆਂ ਮੁੰਡੇ ਖੁਸ਼ ਖੁਸ਼ ਨਜ਼ਰੀਂ ਪੈਂਦੇ ਹਨ, ਪਰ ਮੇਰੇ ਚੇਹਰੇ ਦੀ ਸੋਚ ਦੇਖ ਕੇ, ਉਹ ਖਾਮੋਸ਼ ਹੋ ਜਾਂਦੇ ਹਨ। ਸ਼ਰਾਰਤੀ ਮੁੰਡੇ ਕੁੜੀਆਂ, ਆਪਣੀਆਂ ਸੈਨਤਾਂ ਅਤੇ ਗੱਲਾਂ ਬਾਤਾਂ ਦਾ ਨਾ ਚਾਹੁੰਦਿਆਂ ਹੋਇਆਂ ਵੀ ਗਲਾ, ਘੁੱਟ ਦਿੰਦੇ ਹਨ। ਇਹ ਉਵੇਂ ਹੀ ਲਗਦਾ ਹੈ, ਜਿਵੇਂ ਦਿਹਾੜੀਦਾਰ, ਕਿਸੇ ਲੋੜੰਦਾਰ ਦੀ ਆਮਦ ਤੇ ਆਪਣੀਆਂ ਗੱਲਾਂ ਬੰਦ ਕਰ ਦਿੰਦੇ ਸਨ। ਇਹ ਗੱਲਾਂ ਮੈਂ ਅੱਜ ਤੋਂ ਅੱਠ ਵਰ੍ਹੇ ਪਹਿਲਾਂ ਸੁਣੀਆਂ ਸਨ, ਜਦ ਪਿੰਡੋਂ ਗੱਡੀ ਤੇ ਸਦੇਹਾਂ ਆ ਜਾਣ ਕਰਕੇ ਇਸ ਚੌਂਕ 'ਚ ਖੜ੍ਹਕੇ ਸਮਾਂ ਬਿਤਾਉਣਾ ਪੈਂਦਾ ਸੀ, ਜਦ ਇਸ ਚੌਂਕ ਦੀ ਭੀੜ ਵਿਚ ਖੜ੍ਹਕੇ ਮੈਂ 'ਵਿਸ਼ਵ ਸੁੰਦਰੀ' ਨੂੰ ਦੇਖਦਾ ਹੁੰਦਾ ਸਾਂ ਤੇ ਭੀੜ ਵਿਚ ਖੜੇ ਨੂੰ ਦੇਖ ਕੇ ਉਹ ਹੋਰ ਵੀ ਮਸਤਾਨੀ ਚਾਲ ਤੁਰਦੀ ਹੁੰਦੀ ਸੀ। ਸ਼ਾਇਦ ਮੇਰੇ ਪਾਠਕ ਦੇ ਮਨ 'ਚ ਸ਼ੰਕਾ ਉਤਪੰਨ ਹੋ ਗਈ ਹੋਵੇ ਕਿ ਵਿਸ਼ਵ ਸੁੰਦਰੀ ਕੇਹੜੀ ? ਇਕ ਸਾਧਾਰਨ ਪੱਕੇ ਰੰਗ ਦੀ ਕੁੜੀ ਹੁੰਦੀ ਸੀ ਉਹ, ਤੇ ਅਸੀਂ ਸਾਰਿਆਂ ਮਖੌਲ ਨਾਲ ਉਹਦਾ ਇਹ ਨਾਂ ਪਾਇਆ ਹੋਇਆ ਸੀ। ਇਨ੍ਹਾਂ ਦਿਹਾੜੀਦਾਰਾਂ ਦੀਆਂ ਗੱਲਾਂ ਮੈਨੂੰ ਅੱਜ ਤੀਕ ਯਾਦ ਹਨ—

—ਕੱਲ੍ਹ ਮੈਂ ਗਿੱਲਾਂ ਦੇ ਸੀ, ਬੜੀ ਸੇਵਾ ਕੀਤੀ ਬਈ ਉਨ੍ਹਾਂ ਨੇ......

—ਬਈ ਮੈਂ ਤੇ ਕੱਲ੍ਹ ਫਸ ਗਿਆ ਸੀ......

—ਸੂਦਾਂ ਕੇ ਘਰੋਂ ਵਾਲੀ, ਬੜੀ ਮਿੱਠੀ ਸਾਈ......

—ਅੱਜ ਕੋਈ ਬਹੁੜਿਆ ਈ ਨੀਂ, ਮੇਰੇ ਪਿਉ ਦਾ ਸਾਲਾ......

ਦੇਖ, ਬਾਈ, ਕਿਵੇਂ ਤੰਗ ਕਪੜਿਆਂ 'ਚ ਫਸੀਆਂ

ਪਈਆਂ ਹਨ, ਇਹ ਕੁੜੀਆਂ......

—ਤੇ ਮੈਨੂੰ ਯਾਦ ਹੈ, ਉਹ ਘਟਨਾ, ਜਦ ਇਕ ਕੁੜੀ ਸਾਈਕਲ ਸਮੇਤ, ਇਕ ਰਿਕਸ਼ੇ 'ਚ ਜਾ ਵੱਜੀ ਸੀ, ਕਾਪੀਆਂ, ਕਿਤਾਬਾਂ ਤੇ ਰੋਟੀਆਂ, ਅਚਾਰ, ਸਭ ਖਿਲਰ ਗਿਆ ਸੀ, ਪਰ ਉਹ ਚੀਜ਼ਾਂ ਚੁੱਕਣ ਲਈ, ਨਿਉਂ ਨਹੀਂ ਸੀ ਸਕਦੀ, ਕਮੀਜ਼ ਦੇ ਤੰਗ ਹੋਣ ਕਰਕੇ। ਜਿਥੇ ਹੁਣ ਮਿਊਂਸਪਲਟੀ ਦਾ ਟੂਟੀਆਂ ਵਾਲਾ ਕਮਰਾ ਹੈ, ਪਿਆਊ ਹੈ, ਉਥੇ ਓਦੋਂ ਖੂਹੀ ਹੁੰਦੀ ਸੀ, ਛੱਤ ਵਾਲੀ...ਉਥੇ ਬੈਠਾ ਇਕ ਤਖਾਣ ਬੋਲਿਆ ਸੀ—ਲੈ ਦੱਸ ਖਾਂ...ਊਂ ਨੀਂ ਦੀਹਦੀਆਂ, ਕਾਨਿਆਂ ਅਰਗੀਆਂ ਲੱਤਾਂ, ਤੰਗ ਲੀੜਿਆਂ 'ਚ ਬਾਹਲਾ ਦਿਖਾ ਹੁੰਦੈ......ਦੇਖ, ਜਿਵੇਂ ਸਾਨਗੀ 'ਚ ਬੋਕ ਫਸਿਆ ਹੁੰਦੈ......ਮੇਰੇ ਚਿਹਰੇ ਤੇ ਮੁਸਕਰਾਹਟ ਫੈਲ ਜਾਂਦੀ ਹੈ। ਕਲਾਸ ਰੂਮ ਦਾ ਅਹਿਸਾਸ ਹੁੰਦਿਆਂ ਹੀ ਮੇਰੇ ਚਿਹਰੇ ਤੇ ਫਿਰ ਖਾਮੋਸ਼ੀ ਦੀ ਪਰਤ ਫੈਲ ਜਾਂਦੀ ਹੈ, ਮਗਰ ਬੈਂਡੀ ਸੋਚੀਆਂ ਦੀ ਕੁੜੀ, ਮੇਰੇ ਭੱਜੇ ਫਿਰਦੇ ਦਿਮਾਗ ਬਾਰੇ ਸੋਚ ਕੇ ਮੁਸਕਰਾ ਰਹੀ ਹੁੰਦੀ ਹੈ ਜਾਂ ਫਿਰ ਉਂਜ ਹੀ ਕਿਸੇ ਮੁੰਡੇ ਵੱਲ......ਅਚਾਨਕ ਹੀ ਉਹ ਪੁੱਛ ਬੈਠਦੀ ਹੈ—ਲਾਲ ਚੌਂਕ ਤੋਂ ਕੀ ਭਾਵ ਹੈ ਸਰ, ਅੱਜ ਅਖ਼ਬਾਰ 'ਚ ਉਥੋਂ ਦੀ ਪਰੇਡ ਦੀ ਤਸਵੀਰ ਸੀ, ਬਜਾਏ ਇਸ ਦੇ ਕਿ ਮੈਂ ਦੱਸਦਾ—ਕੱਲ੍ਹ ਮਈ ਦਿਵਸ ਸੀ, ਮਜ਼ਦੂਰ ਦਿਹਾੜਾ, ਰੂਸ 'ਚ ਇਸ ਦਿਨ ਇਸ ਨਾਂ ਦੇ ਚੌਂਕ 'ਚ ਪਰੇਡ ਹੁੰਦੀ ਹੈ, ਸਾਡੀ ਛੱਬੀ ਜਨਵਰੀ ਵਾਂਗ...ਸਗੋਂ ਮੇਰੀਆਂ ਅੱਖਾਂ ਅੱਗੇ ਜਾਂਦਾ ਹੈ, ਮੇਰੇ ਸ਼ਹਿਰ ਦਾ ਚੌਂਕ; ਜਦ ਇਕ ਦਿਨ ਮੇਰੇ ਪਿੰਡ ਦੇ ਦਿਹਾੜੀਦਾਰ 'ਜੱਗੇ' ਨੇ, ਇਕ ਮਾੜੂਏ ਜਹੇ ਠੇਕੇਦਾਰ ਨੂੰ ਗਲੋਂ ਫੜ ਲਿਆ ਸੀ, ਤੇ ਜਦ ਛੱਡਿਆ ਸੀ ਤਾਂ ਠੇਕੇਦਾਰ ਦੀਆਂ ਅੱਖਾਂ ਤੇ ਦਿਲ ਦੀ ਹਰਕਤ ਬੰਦ ਸੀ ਤੇ ਉਹ ਡਿੱਗ ਪਿਆ ਸੀ, ਕੱਚੀ ਕੰਧ ਵਾਂਗ...ਤੇ ਜੱਗਾ ਬੋਲੀ ਜਾ ਰਿਹਾ ਸੀ—"ਜਦ ਮੈਂ ਜੁਆਨ ਸਾਂ ਤੇ ਪਤਿਉਰਾ, ਰੋਜ਼ ਦਿਹਾੜੀ ਤੇ ਲਿਜਾਂਦਾ ਸੀ, ਹੁਣ ਬੁਢਾਪੇ ਵੱਲ ਤੁਰਿਆਂ, ਤਾਂ ਹੋਰ ਚੰਗਾ ਤਕੜਾ ਜੁਆਨ ਸਰੀਰ ਚੁਣ ਕੇ ਲਿਜਾਂਦੈ...ਕੰਜਰ ਕਹਿੰਦਾ ਸੀ—ਮੈਂ ਹੁਣ ਛੇਤੀ ਕੰਮ ਨਈਂ ਨਿਬੇੜਦਾ...ਇਹਦੀ ਧੀ ਦੀ...।" ਤੇ ਮੈਂ ਇਕ ਦਮ ਬੋਲ ਪੈਂਦਾ ਹਾਂ—ਲਕੀਰ ਪੜ੍ਹਿਆ ਕਰੋ, ਕਿੰਤੂ ਵੀ...ਹੋਮ ਜਿਓਤੀ ਤਾਂ ਬੰਦ ਹੋ ਗਿਐ...ਮਰੀਚਕਾ ਥੋੜੇ ਸ਼ਹਿਰ ਦਾ ਐ...ਲਾਲ ਚੌਂਕ ਹਰ ਸ਼ਹਿਰ 'ਚ ਹੁੰਦਾ ਹੈ...ਆਪਣੇ ਵੀ ਹੈ ਇਕ ਲਾਲ ਚੌਂਕ......ਫਟਾਫਟ ਲਿਖੋ, ਪ੍ਰੇਮ ਗੋਰਖੀ ਦੀ ਕਹਾਣੀ ਯਾਰ ਬਲੋਚ ਦਾ ਸਾਰ... ਤੇ ਸਾਰੇ ਮੁੰਡੇ ਕੁੜੀਆਂ ਮੇਰੇ ਵੱਲ ਇੰਜ ਦੇਖਦੇ ਹਨ, ਜਿਵੇਂ ਕਦੀ ਮੈਂ ਕੰਪਨੀ ਬਾਗ 'ਚ ਲੱਗੇ, ਬਿਨਾਂ ਸਿਰ ਦੇ ਬੁੱਤ, ਵੱਲ ਦੇਖਦਾ ਹੀ ਰਹਿ ਗਿਆ ਸਾਂ।

o

ਕਹਾਣੀ—

# ਹੜਤਾਲ

ਗੁਲ ਚੌਹਾਨ

ਅਚਾਨਕ ਹੀ ਬਾਰਿਸ਼ ਸ਼ੁਰੂ ਹੋ ਗਈ ਸੀ। ਦਰਵਾਜ਼ਾ ਅਧਢੁਕਿਆ ਹੋਇਆ ਸੀ। ਉਸ ਦੀ ਚਾਚੀ ਬਾਹਰ ਸਾਹਮਣੀ ਡਿਉਢੀ ਵਿਚ ਜਾ ਬੈਠੀ ਸੀ। ਜਿਸ ਕੋਲ ਉਹ ਛੱਟੀਆਂ ਕੱਟਣ ਆਈ ਹੋਈ ਸੀ। ਚਾਚੀ ਉਸ ਦੀ ਹੀ ਨਹੀਂ ਸਾਰੇ ਮੁਹੱਲੇ ਦੀ ਵੀ ਸੀ। ਤੀਵੀਆਂ ਦੀ ਨੇਤਾਗੀਰੀ ਕਰਦੀ। ਉਨ੍ਹਾਂ ਨੂੰ ਆਦਮੀਆਂ ਦੀਆਂ ਕਮਜ਼ੋਰੀਆਂ ਬਾਰੇ ਦਸਦੀ ਜਾਂ ਉਨ੍ਹਾਂ ਦੇ ਪਤੀਆਂ ਬਾਰੇ ਆਖਣੀ ਆਖ਼ਰੀ ਰਾਇ ਦਿੰਦੀ— ਕਿਸੇ ਬੀਮਾਰ ਬੱਚੇ ਨੂੰ ਮਿਰਚਾਂ ਦਾ ਟੂਣਾ ਦਸਦੀ। ਜੇ ਕਿਸੇ ਨੂੰ ਉਸ ਤੇ ਸ਼ੱਕ ਹੁੰਦਾ ਤਾਂ ਉਸ ਦੀ ਰਾਇ ਪੀਰਾਂ ਫਕੀਰਾਂ ਦੀ ਰਾਇ ਵੀ ਬਣ ਜਾਂਦੀ। ਫਿਰ ਵੀ ਕੋਈ ਇਤਬਾਰ ਨਾ ਕਰਦਾ ਤਾਂ ਉਹੋ ਕੁਝ ਰੇਡੀਓ ਨੇ ਵੀ ਆਖਿਆ ਹੁੰਦਾ — ਲੈ, ਤੂੰ ਕਲ ਰੇਡੀਓ ਨਹੀਂ ਸੁਣਿਆ, ਇਹ ਤਾਂ ਇਕ ਨਿੱਕਾ ਬੱਚਾ ਵੀ ਜਾਣਦੈ ਭਾਈ ਜੇ ਬਿੱਲੀ ਦੀਆਂ ਮੁੱਛਾਂ ਕਟ ਦਿੱਤੀਆਂ ਜਾਣ ਤਾਂ ਉਹ ਅੱਠਾਂ ਦਿਨਾਂ ਬਾਅਦ ਮਰ ਜਾਂਦੀ ਏ।

ਹੜਤਾਲ ਕਾਰਨ ਕੰਮ ਠੱਪ ਪਿਆ ਸੀ। ਮਾਲਕਾਂ ਨਾਲ ਕਿਸੇ ਸਮਝੌਤੇ ਤੇ ਨਹੀਂ ਸਾ ਅਪੜਿਆ ਜਾ ਰਿਹਾ। ਮੈਂ ਪਿਛਲੇ ਪੰਦਰਾਂ ਦਿਨਾਂ ਤੋਂ ਵਿਹਲਾ ਸਾਂ। ਇਹਨਾਂ ਦਿਨਾਂ ਦੀ ਤਨਖ਼ਾਹ ਵੀ ਨਹੀਂ ਸੀ ਮਿਲਣੀ ਨੌਕਰੀ ਕੱਚੀ ਹੋਣ ਕਰ ਕੇ। ਕੰਮ ਵੀ ਜਿਵੇਂ ਇਕ ਆਦਤ ਹੋ ਜਾਂਦਾ ਹੈ। ਇਕ ਗ਼ੁਲਾਮੀ। ਸੁਬ੍ਹਾ ਉੱਠਣਾ, ਘੁੱਗੂ ਵਜਦੇ ਸਾਰ ਹੀ ਕੰਮ ਤੇ ਤੁਰ ਪੈਣਾ — ਮਿੱਲ ਤੇ ਫੇਰ ਡੂੰਘੀਆਂ ਸ਼ਾਮਾਂ ਪਏ ਘਰ ਨੂੰ ਪਰਤਣਾ ! ਓਵਰਟਾਈਮ ਤੋਂ ਬਾਅਦ। ਐਤਵਾਰ ਵੀ ਹੁਣ ਤਾਂ ਭਾਰੂ ਹੋ ਜਾਂਦਾ ਏ। ਜੀਅ ਕਰਦਾ ਏ ਛੁੱਟੀ ਨਾ ਹੋਵੇ ! ਘਰ ਰਹਿਣਾ ਵੀ ਮੁਸੀਬਤ ਬਣ ਚੁਕਿਆ ਏ — ਘਰ ਨਾ ਖਰਚ, ਘਾਟਾ ਅਗਲੇ ਮਹੀਨੇ ਤੇ ਪੈਂਦੀਆਂ ਜ਼ਰੂਰਤਾਂ...।

ਮੈਨੂੰ ਉਸ ਦੇ ਆਉਣ ਨਾਲ ਕੁਝ ਸੁਖਾਵਾਂ ਜਿਹਾ ਲੱਗਾ ਸੀ। ਉਹ ਪੜ੍ਹਨ ਆ ਗਈ ਸੀ।

—ਵਿਹਲਾ ਏਂ ਪੜ੍ਹਾ ਦਿਆ ਕਰ ਸੂ ਇਸ ਨੂੰ,ਇਸਦਾ ਹਰਜਾ ਨਾ ਹੋਊ ਪੜ੍ਹਾਈ ਦਾ, ਨਾਲੇ ਤੂੰ ਤਾਂ ਬੀ. ਏ. ਪਾਸ ਏਂ, ਨੀ ਤਾਰੋ ਆਖ ਸੂ ਆਪਣੇ ਮੁੰਡੇ ਨੂੰ — ਲੈ ਚਾਚੀ, ਤੇਰਾ ਆਖਾ ਮੋੜਦਾ ਏ ਇਹ...ਮਾਂ ਨੇ ਆਖਿਆ ਸੀ।

ਉਸ ਨੇ ਇਕ ਪਲ ਮੇਰੇ ਕਮਰੇ ਵਿਚ ਇਧਰ ਉਧਰ ਵੇਖਿਆ ਤੇ ਫਿਰ ਬੈਠ ਗਈ। ਉਹਦੇ ਹੱਥ ਵਿਚ ਕਿਤਾਬ ਸੀ।

— ਖੋਲ੍ਹ ਕਿਤਾਬ !

ਕਿਸੇ ਹੋਰ ਗੱਲ ਲਈ ਮਨ ਜਿਵੇਂ ਤਿਆਰ ਹੀ ਨਹੀਂ ਸੀ ! ਕਿਸੇ ਭੂਮਿਕਾ ਦੀ ਜ਼ਰੂਰਤ ਮੈਨੂੰ ਮਹਿਸੂਸ ਹੀ ਨਹੀਂ ਸੀ ਹੋ ਰਹੀ।

— ਤੈਨੂੰ ਪਤਾ ਨਹੀਂ ਹੜਤਾਲ ਏ ਅੱਜ ਕਲ।

ਮੈਂ ਉਸ ਦੀ ਗੱਲ ਸੁਣ ਕੇ ਅਵਾਕ ਰਹਿ ਗਿਆ, ਪਰ ਨਾ ਚਾਹੁੰਦੇ ਹੋਏ ਵੀ ਉਸ ਦੀ ਗੱਲ ਤੇ ਹੱਸ ਪਿਆ — ਹੜਤਾਲ ਤਾਂ ਸਾਡੀ ਮਿਲ ਵਿਚ ਏ...ਇਸ ਤੋਂ ਪਹਿਲਾਂ ਕਿ ਮੈਂ ਆਪਣਾ ਫਿਕਰਾ ਪੂਰਾ ਕਰਦਾ, ਉਹ ਵਿਚੋਂ ਹੀ ਬੋਲ ਪਈ — ਮਿੱਲ ਤੇਰੀ ਨਹੀਂ, ਮਾਲਕਾਂ ਦੀ ਏ — ਤੂੰ ਤਾਂ ਸਿਰਫ ਕੰਮ ਕਰਨਾ ਏ। ਮੇਰਾ ਮਤਲਬ ਏ ਤੇਰਾ ਸਿਰਫ ਜਿਸਮ ਏ — ਤੂੰ ਇਸ ਨੂੰ ਵੇਚਨਾ ਏ, ਕਿਸੇ ਵਾਂਗ ਵੀ — ਮਸਲਨ ਉਹ ਕੋਈ ਵੇਸਵਾ ਵੀ ਹੋ ਸਕਦੀ ਏ ਤੇ ਬਦਲੇ 'ਚ ਤੈਨੂੰ ਕੁਝ ਪੈਸੇ ਮਿਲ ਜਾਂਦੇ ਨੇ — ਪਰ ਛੱਡ ਕੋਈ ਹੋਰ ਗੱਲ ਕਰ। ਮਸਾਂ ਬੁੱਢੀ ਤੋਂ ਜਾਨ ਛੁਟੀ ਏ। ਨਾ ਆਪ ਕਿਧਰੇ ਮਰਦੀ ਜਾਂਦੀ ਹੈ ਨਾ ਜਾਣ ਦਿੰਦੀ ਏ...ਅਸਲ 'ਚ ਮੇਰਾ ਹਾਲ ਵੀ ਤੇਰੇ ਜਿਹਾ ਈ ਏ — ਮੈਂ ਵੀ ਹੜਤਾਲ ਤੇ ਹਾਂ — ਕਿੰਨਾ ਕੁ ਚਿਰ ਚਲੇਗੀ ਤੇਰੀ ਹੜਤਾਲ —

— ਜਿਨਾ ਚਿਰ ਯੂਨੀਅਨ ਕੋਈ ਸਮਝੌਤਾ ਪ੍ਰਵਾਨ ਨਹੀਂ ਕਰ ਲੈਂਦੀ।

ਮੈਂ ਕਿਹਾ ਨਹੀਂ ਸੀ ਮੇਰੇ ਮੂੰਹੋਂ ਨਿਕਲਿਆ ਸੀ। ਮੈਂ ਅਜੀਬ ਜਿਹੀ ਹਾਲਤ ਵਿਚ ਫਸ ਗਿਆ ਲੱਗ ਰਿਹਾ ਸਾਂ ਆਪਣੇ ਆਪ ਨੂੰ ਤੇ ਮੈਨੂੰ ਕੁਝ ਵੀ ਨਹੀਂ ਸੀ ਅਹੁੜ ਰਿਹਾ...

— ਕੀ ਸੋਚਣ ਲੱਗ ਗਿਐਂ। ਤੈਨੂੰ ਮੇਰੀ ਗੱਲ ਬੁਰੀ ਲੱਗੀ ਏ, ਜਿਸਮ ਵੇਚਣ ਵਾਲੀ ਨਾ ? ਮੈਨੂੰ ਨਹੀਂ ਸੀ ਪਤਾ ਤੂੰ ਏਨਾ ਮੂਰਖ ਨਿਕਲੇਂਗਾ ! ਕੌਣ ਨਹੀਂ ਜਿਸਮ ਵੇਚਦਾ। ਅਸੀਂ ਗਰੀਬ ਹਾਂ। ਹਰ ਗਰੀਬ ਇਕ ਵੇਸਵਾ ਹੁੰਦਾ ਏ ਭਾਵੇਂ ਉਹ ਮਰਦ ਹੋਵੇ ਭਾਵੇਂ ਤੀਵੀਂ। ਤੂੰ ਸੋਚਦਾ ਹੋਵੇਂਗਾ ਇਹ ਸ਼ੇਕਸਪੀਅਰ ਦੇ ਡਰਾਮੇ ਪੜ੍ਹਦੀ ਹੋਵਾਂਗੀ ਮੈਂ ! ਜਿਊਣ ਲਈ ਰੋਟੀ ਦੀ ਲੋੜ ਏ— ਇਹ ਨਹੀਂ—ਉਸ ਨੇ ਕਿਤਾਬ ਜ਼ਮੀਨ ਤੇ ਸੁੱਟ ਦਿੱਤੀ ਸੀ।

ਉਹ ਛੱਤ ਨੂੰ ਘੂਰਨ ਲੱਗੀ ਸੀ ਤੇ ਉਹ ਜਿੰਨੀ ਗੈਰ-ਤਕਲੁਫੀ ਨਾਲ ਕੰਮ ਲੈ ਰਹੀ ਸੀ ਮੈਂ ਉਨਾ ਹੀ ਉਚੇਚ ਵਿਚ ਫਸਦਾ ਜਾ ਰਿਹਾ ਸਾਂ।

—ਮੈਂ ਪੜ੍ਹਦੀ ਪੁੜਦੀ ਕੋਈ ਨਹੀਂ। ਸਿਰਫ ਕਾਲਜ ਜਾਂਦੀ ਹਾਂ। ਇਹ ਤੀਸਰਾ ਸਾਲ ਏ ਮੇਰਾ ਇਕ ਹੀ ਜਮਾਤ ਵਿਚ ! ਮੇਰੇ ਪਿਓ ਦੀ ਤਿੰਨ ਸਾਲ ਪਹਿਲਾਂ ਮਸ਼ੀਨ 'ਚ ਆ ਕੇ ਬਾਂਹ ਕੱਟੀ ਗਈ ਸੀ। ਹੁਣ ਉਹ ਘਰ ਬੈਠਾ ਹੋਇਆ ਏ। ਘਰ ਕੌਡੀ ਵੀ ਨਹੀਂ, ਪਰ ਮੇਰੇ ਪਿਓ ਦੀ ਖਾਹਸ਼ ਏ ਮੈਂ ਬੀ. ਏ. ਕਰਾਂ। ਮੇਰੇ ਕੋਲੋਂ ਮੇਰੀ ਮਾਂ ਨੂੰ ਆਸ ਏ ਮੈਂ ਕੋਈ ਪਾਰਟ ਟਾਈਮ ਕੰਮ ਕਰਾਂ ਤੇ ਘਰ ਦਾ ਖਰਚ ਵੀ ਤੋਰਾਂ। ਤੇ ਮੈਂ ਉਨ੍ਹਾਂ ਲਈ ਇਕ ਦਫਤਰ ਵਿਚ ਕੰਮ ਕਰਦੀ ਹਾਂ। ਪਰ ਜਾਂਦੀ ਇਕ ਹੋਟਲ ਵਿਚ ਹਾਂ—ਹੋਟਲ ਵਾਲਾ ਸਾਨੂੰ ਅੱਗੇ ਗਾਹਕਾਂ ਤਕ ਸਪਲਾਈ ਕਰਦਾ ਏ—ਹੋਰ ਵੀ ਦੋ ਤਿੰਨ ਕੁੜੀਆਂ ਨੇ—ਰੋਜ਼ ਰਾਤ ਨੂੰ ਹੋਟਲ ਜਾਈਦਾ ਏ—ਸ਼ਰਾਬ ਪੀ ਦੀਏ ਤੇ ਫਿਰ ਇਕ ਤੋਂ ਬਾਅਦ ਦੂਜਾ—ਦੂਜੇ ਤੋਂ ਬਾਅਦ ਤੀਜਾ......।

ਮਾਂ ਖੁਸ਼ ਏ ਮੈਂ ਉਨ੍ਹਾਂ ਨੂੰ ਦੋ ਸੌ ਰੁਪਈਆ ਦੇ ਰਹੀ ਹਾਂ। ਪਿਓ ਖੁਸ਼ ਏ ਮੈਂ ਅਗਲੇ ਸਾਲ ਬੀ. ਏ. ਕਰ ਲਵਾਂਗੀ......। ਇਹ ਬੁਢੀ ਸਾਲੀ ਮੈਨੂੰ ਲੈ ਆਈ ਏ। 'ਮੈਂ ਇਕੱਲੀ ਆਂ ਕੁਝ ਦਿਨ ਭੇਜ ਦੇ ਸੂ ਛੁਟੀਆਂ ਈ ਨੇ ਨਾ......ਮਾਂ ਨਾਂਹ ਵੀ ਨਹੀਂ ਕਰ ਸਕੀ। ਅੱਜ ਚੌਥਾ ਦਿਨ ਏ—ਉਸ ਕਮਰੇ ਵਿਚ ਡੱਕਿਆਂ—ਲਗਦਾ ਏ ਮੁਦਤਾਂ ਹੋ ਗਈਆਂ ਨੇ—ਸਰੀਰ ਟੁੱਟਦਾ ਏ।

ਅੱਗੇ ਸਭ ਕੁਝ ਮਜਬੂਰੀ ਲਗਦਾ ਸੀ, ਹੁਣ ਸਭ ਕੁਝ ਜ਼ਰੂਰਤ ਬਣ ਗਿਆ ਲਗਦਾ ਏ......।

ਮੈਂ ਚੁਪ ਸਾਂ।

ਤੇਰਾ ਜੀਅ ਨਹਾਂ ਕਰਦਾ ਹੜਤਾਲ ਖਤਮ ਹੋਵੇ। ਭਾਵੇਂ ਕਿਸੇ ਨੂੰ ਕੁਝ ਨਾ ਮਿਲੇ। ਤੂੰ ਫਿਰ ਮਿੱਲ 'ਚ ਜਾਵੇਂ, ਕੰਮ ਕਰੇਂ—ਸ਼ਾਮ ਨੂੰ ਮੁੜੇਂ—ਭਾਵੇਂ ਉਹ ਵੀ ਸਭ ਬਕਵਾਸ ਏ। ਪਰ ਇਸ ਤੋਂ ਬਿਨਾਂ ਵੀ—ਜ਼ਿੰਦਗੀ

ਅਜੀਬ ਤਰ੍ਹਾਂ ਨਾਲ ਖਾਲੀ ਖਾਲੀ ਹੋ ਜਾਂਦੀ ਏ......।

ਉਹ ਉਠ ਕੇ ਦਰਵਾਜ਼ਾ ਬੰਦ ਕਰਨ ਲੱਗੀ ਸੀ।

—ਨਹੀਂ ਨਹੀਂ।

ਮੈਂ ਉਸ ਨੂੰ ਫੜ ਲਿਆ।

—ਮਾਂ ਆ ਜਾਵੇਗੀ।

ਮੈਂ ਝੂਠ ਕਹਿ ਰਿਹਾ ਸਾਂ। ਮਾਂ ਦਾ ਕੋਈ ਡਰ ਨਹੀਂ ਸੀ। ਉਂਝ ਹੀ ਬਸ—ਦਿਲਚਸਪੀ ਹੀ ਨਹੀਂ ਰਹਿ ਗੀ ਸੀ ਕਿਸੇ ਕੰਮ ਵਿਚ—ਪਿਛਲੇ ਪੰਦਰਾਂ ਦਿਨਾਂ ਤੋਂ ਸਭ ਕੁਝ ਓਪਰਾ ਓਪਰਾ ਲੱਗਣ ਲਗ ਗਿਆ ਸੀ।

—ਤੂੰ ਪੜ੍ਹ-ਤੇ ਲੈ, ਲੈ ਫੜ ਕਿਤਾਬ। ਮੈਂ ਕਿਤਾਬ ਫਰਸ਼ ਤੋਂ ਚੁਕ ਕੇ ਉਸ ਨੂੰ ਫੜਾਉਂਦੇ ਹੋਏ ਆਖਿਆ—ਕਿਸ ਲੈਸਨ ਤੋਂ ਸ਼ੁਰੂ ਕਰਾਂ......ਮੈਂ ਕਿਤਾਬ ਦੇ ਵਰਕੇ ਉਥਲ ਰਿਹਾ ਸਾਂ। ਉਹ ਥਿਰਕ ਰਹੀ ਸੀ......ਪਲ ਕੁ ਪਿਛੋਂ ਉਹ ਆਪਣਾ ਕਮੀਜ਼ ਠੀਕ ਕਰਦੀ ਹੋਈ ਉਠੀ ਤੇ ਫਿਰ ਉਹ ਦਰਵਾਜ਼ੇ ਵਿਚ ਖੜੀ ਸੀ।

—ਚਾਚੀ ਓ ਚਾਚੀ! ਚਾਬੀ ਸੁੱਟੀਂ ਕਮਰੇ ਦੀ, ਮੈਂ ਚੱਲੀ ਆਂ।

—ਪੁਤ ਪੜ੍ਹ ਲੈ ਮੁੰਡਾ ਵਿਹਲਾ ਏ—ਬੈਠ ਜਾ ਘੰਟਾ ਕੁ ਫਿਰ ਚਲਨੀਆਂ ਕੱਠੀਆਂ ਈ।

—ਤੂੰ ਸੁੱਟ ਉਰਾਂ ਚਾਬੀ।

—ਕਿਉਂ ਪੜ੍ਹਾਉਂਦਾ ਨਹੀਂ। ਚਾਚੀ ਨੇ ਚਾਬੀ ਸੁਟਦਿਆਂ ਆਖਿਆ।

—ਇਹ ਤਾਂ ਆਪ ਡੰਗਰ ਏ ਪਰਲੇ ਦਰਜੇ ਦਾ ਮੈਨੂੰ ਕੀ ਪੜ੍ਹਾਉਣੈ ਇਹਨੇ......।

ਚਾਬੀ ਬੁਚਦਿਆਂ ਉਹ ਵਿਚਲੇ ਬੂਹੇ 'ਚੋਂ ਬਾਹਰ ਹੋ ਗਈ ਤੇ ਜਾਂਦੀ ਵਾਰ ਉਸ ਨੇ ਮੁੜ ਕੇ ਵੀ ਨਹੀਂ ਸੀ ਤਕਿਆ।

ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਰਹੀ ਸੀ। ਬਾਹਰ ਤੀਵੀਆਂ ਨੇ ਕਿਧਰੇ ਉਸ ਦੀ ਗੱਲ ਸੁਣ ਹੀ ਨਾ ਲਈ ਹੋਵੇ।

o

# ਕਹਾਣੀ

—ਰਾਜ ਕੁਮਾਰ

'ਵਰੰਟ'

'ਮੇਰੇ ਨਾਂ'

'ਹਾਂ, ਤੇਰੇ ਨਾਂ'

'ਜੇ ਮੈਂ ਨਾ ਜਾਵਾਂ'

'ਕਾਨੂੰਨ ਕਹਿੰਦਾ ਹੈ, ਤੈਨੂੰ ਚਲਣਾ ਹੀ ਪਵੇਗਾ'

'ਕਾਨੂੰਨ'

'ਹਾਂ'

'ਕੀ ਮੈਂ ਆਪਣੀ ਕਿਤਾਬ ਲੈ ਸਕਦਾ ਹਾਂ'

'ਲੈ ਲਵੋ'

ਬੰਤਾ ਜੀਪ ਵਿਚ ਬੈਠ ਗਿਆ। ਸ਼ਾਂਤ! ਉਸਦੇ ਚਿਹਰੇ ਤੇ ਕੋਈ ਅਜਿਹਾ ਚਿੰਨ੍ਹ ਨਹੀਂ ਸੀ, ਜਿਸ ਤੋਂ ਉਸਦੇ ਘਬਰਾ ਜਾਣ ਦਾ ਪਤਾ ਲਗਦਾ। ਇੰਸਪੈਕਟਰ ਖੰਨਾ ਹੈਰਾਨ ਸੀ ਕਿ ਇਹ ਆਦਮੀ ਇਸ ਤਰ੍ਹਾਂ ਸ਼ਾਂਤ ਬੈਠਾ ਹੈ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਜੀਪ 'ਚ ਇਕ ਸਿਪਾਹੀ ਤੇ ਡਰਾਈਵਰ ਹੋਰ ਸੀ। ਜੀਪ ਨੇ ਮੋੜ ਕਟਿਆ। ਸੜਕ ਦੇ ਦੂਸਰੇ ਪਾਸੇ ਰੌਲਾ ਪੈ ਰਿਹਾ ਸੀ ਤੇ ਇਕਠੇ ਹੋਏ ਲੋਗ ਇਕ ਆਦਮੀ ਨੂੰ ਮਾਰ ਰਹੇ ਸਨ। ਬੰਤੇ ਨੇ ਕਿਹਾ।

'ਸ਼ਾਇਦ ਕਿਸੇ ਨੂੰ ਮਾਰ ਰਹੇ ਨੇ, ਤੁਸੀਂ ਪਤਾ ਲਓ ਖਾਂ, ਕੀ ਗੱਲ ਏ।'

ਜੀਪ ਰੁੱਕ ਗਈ ਤੇ ਇੰਸਪੈਕਟਰ ਖੰਨਾ ਨੇ ਸਿਪਾਹੀ ਨੂੰ ਕਿਹਾ, 'ਸੂਬੇਦਾਰ ਸਿੰਘ, ਪਤਾ ਲਉ ਕੀ ਗਲ ਏ।'

'ਪਰ ਤੁਸੀਂ ਆਪ ਜਾਉ, ਮੈਂ ਕਿਤੇ ਭੱਜਣ ਨਹੀਂ ਲੱਗਾ ਤੇ ਫੇਰ ਤੁਸੀਂ ਇਕ ਸੀਨੀਅਰ ਅਫਸਰ ਹੋ, ਮਾਮਲਾ ਜਲਦੀ ਨਿਪਟਾ ਸਕੋਗੇ।'

ਇੰਸਪੈਕਟਰ ਖੰਨਾ ਬੰਤੇ ਦੀ ਗੱਲ ਨੂੰ ਟਾਲ ਨਾ ਸਕਿਆ। ਉਹ ਰੌਲੇ ਵਾਲੇ ਪਾਸੇ ਵਲ ਚਲਿਆ ਗਿਆ।

'ਕੀ ਗੱਲ ਏ, ਇਸ ਨੂੰ ਕਿਉਂ ਮਾਰ ਰਹੇ ਹੋ।'

ਇਕੱਠੀ ਹੋਈ ਭੀੜ ਕੁਝ ਆਸੇ ਪਾਸੇ ਹੋਈ ਤੇ ਉਹਨਾਂ 'ਚੋਂ ਇਕ ਨੇ ਕਿਹਾ।

'ਜੀ, ਮੇਰਾ ਏਸ ਨੇ ਬਟੂਆ ਕੱਢ ਲਿਆ ਹੈ।' ਮੌਕੇ ਤੇ ਹੀ ਫੜਿਆ ਗਿਆ ਤੇ ਹੁਣ ਮੈਨੂੰ ਹੀ ਮਾਰ ਰਿਹਾ ਹੈ।

ਇੰਸਪੈਕਟਰ ਖੰਨਾ ਨੇ ਇਸ਼ਾਰਾ ਕੀਤੇ ਗਏ ਆਦਮੀ ਵਲ ਤਕਿਆ ਤੇ ਕੁਝ ਹੈਰਾਨ ਹੋ ਗਿਆ। ਸਿਵਲ ਵਰਦੀ 'ਚ ਸਿਪਾਹੀ, ਤੇ ਇਸ ਉਤੇ ਬਟੂਆ ਕੱਢਣ ਦਾ ਦੋਸ਼ ਹੈ। ਮੌਕੇ ਨੂੰ ਤਾੜਦਿਆਂ ਮਿ: ਖੰਨਾ ਨੇ ਕਿਹਾ।

'ਕੀ ਹੁਣ ਤੁਹਾਨੂੰ ਬਟੂਆ ਮਿਲ ਗਿਆ ਹੈ।'

'ਜੀ।'

'ਠੀਕ ਹੈ, ਮੈਂ ਇਸਨੂੰ ਆਪਣੇ ਨਾਲ ਥਾਣੇ ਲੈ ਜਾਂਦਾ ਹਾਂ। ਇਸ ਦਾ ਚਲਾਨ ਕਰਾਂਗਾ। ਤੁਸੀਂ ਕੱਲ ਥਾਣੇ

ਆ ਜਾਣਾ।'

ਜੀਪ ਫੇਰ ਦੌੜ ਪਈ।

'ਕੀ ਗਲ ਸੀ,' ਬੰਤਾ ਬੋਲਿਆ।

'ਇਸ ਨੇ, ਕਿਸੇ ਸ਼ਰੀਫ ਆਦਮੀ ਦੀ ਪਾਕਟ ਮਾਰ ਲਈ ਸੀ।' ਬੰਤਾ ਲਿਆਂਦੇ ਗਏ ਆਦਮੀ ਵਲ ਗੌਰ ਨਾਲ ਦੇਖ ਰਿਹਾ ਸੀ, ਪਹਿਚਾਣ ਕਰ ਲੈਣ ਪਿਛੋਂ ਬੰਤੇ ਨੇ ਕਿਹਾ।

'ਇਹ ਤਾਂ, ਪੁਲੀਸ ਦਾ ਆਦਮੀ ਲਗਦਾ'

'ਹਾਂ'

'ਕਹਿੰਦੇ ਨੇ ਜਦੋਂ ਖੇਤ ਦੀ ਵਾੜ ਹੀ ਖੇਤ ਨੂੰ ਖਾਣ ਲਗ ਜਾਏ, ਤਾਂ ਖੇਤ ਉੱਜੜ ਜਾਂਦਾ'

'ਤੁਸੀਂ ਠੀਕ ਆਖਦੇ ਹੋ ਪਰ ਮੈਂ ਤੁਹਾਡਾ ਮਨਸ਼ਾ ਨਹੀਂ ਸਮਝਿਆ'

'ਪੁਲੀਸ ਸਮਾਜ ਦੀ ਰਖਵਾਲੀ ਕਰਦੀ ਹੈ, ਪਰ ਜਦੋਂ ਪੁਲਸ ਹੀ...'

'ਜੀ, ਮੈਂ ਖੁਦ ਸੋਚ ਰਿਹਾ ਹਾਂ, ਇਹ ਕਿਉਂ ਹੋਇਆ'

'ਸ਼ਾਇਦ ਟਰੇਨਿੰਗ ਵਿਚ ਕੋਈ ਤਰੁਟੀ ਹੋਵੇ। ਭਲਾ ਦਸੋ ਖਾਂ ਤੁਸੀਂ ਟਰੇਨਿੰਗ ਕਿਥੋਂ ਕੀਤੀ ਸੀ।'

'ਫਿਲੌਰ, ਪੁਲੀਸ ਕਾਲਜ 'ਚੋਂ।'

'ਉਸ ਨੂੰ ਪੁਲੀਸ ਦੀ ਯੂਨੀਵਰਸਿਟੀ ਆਖਿਆ ਜਾਂਦਾ।'

'ਜੀ'

'ਕੀ ਸਿਖਾਂਦੇ ਪੜ੍ਹਾਂਦੇ ਨੇ ਉਸ ਯੂਨੀਵਰਸਿਟੀ 'ਚ।'

'ਇਹੋ ਕਿ ਸਮਾਜ ਸੁਧਾਰ ਕਿਵੇਂ ਕਰੀਏ, ਜੋ ਗੁਨਾਹ ਕਰਦੇ ਨੇ ਉਹਨਾਂ ਨੂੰ ਕਿਵੇਂ ਸੁਧਾਰੀਏ...'

'ਜੋ ਕੁਝ ਫਿਲੌਰ ਹੋਇਆ, ਉਹ ਵੀ ਉਥੇ ਹੀ ਸਿਖਾਇਆ ਜਾਂਦਾ।'

'ਤੁਸੀਂ ਕੀ ਕਹਿਣਾ ਚਾਹੁੰਦੇ ਹੋ।'

'ਸਾਰੇ ਅਖਬਾਰਾਂ ਤਾਂ ਲਿਖਿਆ ਏ ਉਸ ਬਾਬਤ'

'ਸਪੱਸ਼ਟ ਕਿਉਂ ਨਹੀਂ ਕਹਿੰਦੇ।'

'ਕਿਤੇ ਤੁਹਾਡੇ ਸ੍ਵੈਮਾਨ ਨੂੰ ਧੱਕਾ ਤਾਂ ਨਹੀਂ ਲੱਗੇਗਾ।'

'?'

'ਕਿਵੇਂ ਉਥੇ ਪੁਲਸ ਵਾਲਿਆਂ ਇਕ ਗਰੀਬ ਔਰਤ ਦੀ ਪੱਤ ਲੁੱਟੀ ਸੀ।'

'?'

'ਉਹ ਵੀ ਉਸੇ ਕਾਲਜ 'ਚੋਂ ਪੜ੍ਹੇ ਹੋਣਗੇ ਤੇ ਇਹ ਵੀ ਜਿਸ ਨੂੰ ਤੁਸੀਂ ਹੁਣ ਲਿਆਏ ਹੋ'

'?'

'ਜਿਥੇ ਇਹੀ ਕੁਝ ਸਿਖਾਇਆ ਜਾਏ ਉਸ ਨੂੰ ਯੂਨੀ-ਵਰਸਿਟੀ ਕਿਉਂ ਆਖੀਏ ?'

'?'

ਬੰਤੇ ਨੇ ਵੇਖਿਆ ਕਿ ਮਿ: ਖੰਨਾ ਦਾ ਸਿਰ ਝੁਕਦਾ ਜਾਂਦਾ ਹੈ ਤੇ ਉਸ ਨੇ ਗੱਲ ਬਦਲਦਿਆਂ ਆਖਿਆ।

'ਤੁਸੀਂ ਕਿੰਨੇ ਚਿਰ ਤੋਂ ਇਥੇ ਆਏ ਹੋ।'

'ਕੋਈ ਦੋ ਤਿੰਨ ਦਿਨਾਂ ਤੋਂ।'

'ਤੁਸੀਂ ਬੜੀਆਂ ਚੰਗੀਆਂ ਗੱਲਾਂ ਕਰਦੇ ਹੋ ਪਰ ਤੁਹਾਡੇ ਵਰੰਟ ਮੈਂ ਕੁਝ ਸਮਝ ਨਹੀਂ ਸਕਿਆ।'

'ਤੁਸਾਂ ਅਜੇ ਫਾਈਲ ਦੇਖੀ ਨਹੀਂ ਹੋਣੀ, ਪੜ੍ਹ ਲੈਣਾ ਸਭ ਸਮਝ ਜਾਉਗੇ।'

ਜੀਪ ਪੁਲੀਸ ਸਟੇਸ਼ਨ ਜਾ ਖੜੋਤੀ। ਮਿ: ਖੰਨਾ ਨੇ ਬੰਤੇ ਦੀ ਫਾਈਲ ਮੰਗਵਾਈ। ਉਸ ਵਿਚ ਕੇਵਲ ਇਕ ਲੇਖ ਸੀ ਜੋ ਬੰਤੇ ਨੇ ਪੁਲੀਸ ਸੁਧਾਰ ਬਾਰੇ ਲਿਖਿਆ ਸੀ। ਸਾਰੀ ਫਾਈਲ ਪੜ੍ਹਨ ਤੋਂ ਮਗਰੋਂ ਵੀ, ਮਿ: ਖੰਨਾ ਹੋਰ ਕੁਝ ਲੱਭ ਨਹੀਂ ਸਕਿਆ। ਕੁਝ ਸੋਚ ਵਿਚਾਰ ਕਰਨ ਤੋਂ ਪਿਛੋਂ ਮਿ: ਖੰਨੇ ਨੇ ਆਪਣੇ ਅਫਸਰ ਨੂੰ ਟੈਲੀਫੂਨ ਕੀਤਾ।

'ਬੰਤੇ ਨੂੰ ਵਰੰਟ ਮੁਤਾਬਕ ਹਿਰਾਸਤ ਵਿਚ ਲੈ ਲਿਆ ਹੈ। ਪਰ ਫਾਈਲ ਵਿਚੋਂ, ਕੇਵਲ ਇਕ ਲੇਖ ਮਿਲਿਆ ਹੈ, ਜੋ ਉਸ ਨੇ ਪੁਲੀਸ ਵਿਚ ਸੁਧਾਰ ਲਿਆਉਣ ਬਾਰੇ ਲਿਖਿਆ ਹੈ। ਮੈਂ ਸਮਝਦਾ ਹਾਂ...।

'ਉਸਨੇ ਪੁਲੀਸ ਦੇ ਪਰਬੰਧ ਵਿਚ ਦੱਖਲ ਦਿਤਾ ਹੈ ਤੇ ਉਸ ਤੇ ਨਜਾਇਜ਼ ਸ਼ਰਾਬ ਵੇਚਣ ਦਾ ਵੀ ਦੋਸ਼ ਹੈ। ਇਹ ਕੇਸ ਮੈਂ ਤੁਹਾਨੂੰ ਭੇਜ ਰਿਹਾ ਹਾਂ। ਇਸ ਤੋਂ ਪਿਛੋਂ ਤੁਹਾਨੂੰ ਸਭ ਕੁਝ ਪਤਾ ਲਗ ਜਾਏਗਾ ਤੇ ਇਹ ਫੇਰ ਪੁਲੀਸ ਪਰਬੰਧ ਵਿਚ ਦਖਲ ਨਹੀਂ ਦਿਆ ਕਰੇਗਾ।'

ਟੈਲੀਫੂਨ ਬੰਦ ਹੋ ਗਿਆ। ਪਰ ਮਿ: ਖੰਨਾ ਕਦੇ ਟੈਲੀਫੂਨ ਵਲ ਤੇ ਕਦੇ ਬੰਤੇ ਵਲ ਵੇਖ ਰਿਹਾ ਸੀ। ਬੰਤਾ ਆਪਣੀ ਕਿਤਾਬ 'ਪੁਲੀਸ 'ਚ ਸੁਧਾਰ ਕਿਵੇਂ ਕਰੀਏ' ਪੜ੍ਹ ਰਿਹਾ ਸੀ।

o

## ਸਫ਼ਰ

—ਬਲਬੀਰ ਆਤਸ਼

ਸਫ਼ਰ ਤਾਂ
ਫੁਟ ਪਾਥ ਤੋਂ ਸ਼ੁਰੂ ਹੁੰਦਾ
ਤੇ ਮੁੱਕ ਜਾਂਦਾ ਹੈ ਜਾ ਕੇ
ਕਿਸੇ ਵਾਤਾਨਕੂਲ ਕੋਠੀ ਦੇ ਸਿਰ ਤੇ।
ਜਾਂ ਟੁਰਦਾ ਹੈ
ਭੁੱਖੀਆਂ ਚਰਾਂਦਾਂ 'ਚ
ਭੇਡਾਂ ਚਾਰਦੇ ਆਜੜੀ
ਬੱਚਿਆਂ ਦੀਆਂ
ਗੰਦੀਆਂ ਬੋਲੀਆਂ ਤੋਂ।
ਤੇ ਖਤਰਾ ਹੋ ਜਾਂਦਾ ਹੈ ਜਾ ਕੇ
ਕਿਸੇ ਮਾਡਲ ਸਕੂਲ ਦੇ
ਲਿਸ਼ਕਦੇ ਪਰਦਿਆਂ ਪਿਛੇ।
ਇਸ ਤੋਂ ਵੀ ਅੱਗੇ ਟੁਰੋ
ਤਾਂ ਕੱਚਿਆਂ ਘਰਾਂ ਦੇ
ਖਲੇਪੜ ਲੱਥੇ ਪਏ ਨੇ ਜ਼ਖ਼ਮਾਂ
ਦੀ ਫਟਣ ਵਾਂਗੂ।
ਅਸੀਂ ਬੰਨ੍ਹੀ ਫਿਰਦੇ ਹਾਂ
ਭੁੱਖੇ ਪੇਟ ਤੇ 'ਬੇਕਾਰੀ ਦੇ ਪੱਥਰ'
ਸਾਡੀ ਮਾਂ,
ਪਾਟੀ ਚੁੰਨੀ ਦੇ ਲੜ ਨਾਲ
ਕੱਜ ਕੇ ਖੋਲੀ ਬੋਰੀਆਂ
ਸਾਥੋਂ ਭੁੱਖ ਭੁਲ ਜਾਣ ਦੀ
ਆਸ ਰੱਖਦੀ ਹੈ।
ਤੇ ਗੱਲ ਮੁਕਦੀ ਹੈ
ਬਦਹਜ਼ਮੀ ਦੇ ਸ਼ਿਕਾਰ ਹੋਏ
ਕੁਤਿਆਂ ਤੇ ਜਾ ਕੇ।
ਸਫ਼ਰ ਫਿਰ ਸ਼ੁਰੂ ਹੁੰਦਾ ਹੈ।
ਹਨੇਰੀਆਂ ਬਸਤੀਆਂ ਦੇ
ਚਿੱਕੜਾਂ ਚੋਂ।
ਬਾਜਰੇ ਚੋਂ ਕਿਰਦੇ ਲਹੂ ਤੋਂ
ਤੇ ਲੋਹੇ ਦੀਆਂ ਭੱਠੀਆਂ ਵਿਚ
ਪਿਘਲਦੇ ਜਿਸਮਾਂ ਤੋਂ।
ਜਾਂ ਫਿਰ ਵਿਰਸੇ ਵਿਚ ਮਿਲੇ
ਤਪਦਿਕ ਦੇ ਜ਼ਿਰਮਾਂ ਤੋਂ।
ਤੇ ਖ਼ਤਮ ਹੁੰਦਾ ਹੈ ਜਾ ਕੇ
ਬਸ ਇਕ ਹੀ ਗੱਲ ਤੇ
"ਜਦ ਤਕ ਭੁੱਖਾ ਇਨਸਾਨ ਰਹੇਗਾ
ਧਰਤੀ ਤੇ ਤੂਫਾਨ ਰਹੇਗਾ।"

o

## ਹੱਡ ਬੀਤੀ

—ਯੋਗੇਸ਼ ਕੁਮਾਰ

ਹੋਠਾਂ 'ਤੇ ਪਥਰਾ ਗਈ ਏ
ਧੁੱਪ ਜਿਹੀ ਸਫੈਦ ਇਕ ਜ਼ਿੰਦਗੀ
ਅੱਖਾਂ 'ਚ ਰੜਕਨ ਲੱਗ ਪਈ ਏ
ਬਜ਼ਾਰ 'ਚ ਧੱਕੇ ਖਾਂਦੀ ਅੱਜ ਦੀ ਨਵੀਂ ਖਬਰ।
ਚਿਤਕਬਰੀ ਬੱਤਖ ਜਿਹੀ ਇਕ ਪ੍ਰੇਮਿਕਾ ਦੇ
ਮੱਥੇ 'ਤੇ ਠਾਹਰੀ ਤਾਜ਼ਾ ਨਜ਼ਮ ਜਿਹੀ ਇਕ ਜ਼ੁਲਫ ਨੂੰ
(ਜੀ ਕਰਦੈ)
ਗੋਡਿਆਂ-ਪਰਨੇ ਰਿੜ੍ਹਦੀ
ਕੈਕਟਸ ਦੀ ਚੁਭਣ 'ਚ ਵਟਾ ਦੇਵਾਂ।
ਆਪਣੇ ਘਰ ਦੀ ਦਹਿਲੀਜ਼ 'ਤੇ ਖੜੋ ਕੇ
ਰੰਗੀਨ ਸਾਹਾਂ 'ਚ ਉਲਝੇ ਰਹਿਣਾ
ਤੇ ਆਪਣੇ ਘਰ ਦੀ ਛੱਤ ਆਪਣੇ ਸਿਰ ਤੇ ਡਿਗਦੀ ਵੇਖ,
ਚੁੱਪ ਰਹਿਣਾ—ਕੇਡੀ ਵੱਡੀ ਨਪੁੰਸਕਤਾ ਹੈ।
ਮੈਂ ਇਹ ਨਪੁੰਸਕਤਾ ਵੇਖੀ ਹੀ ਨਹੀਂ, ਹੰਢਾਈ ਵੀ ਹੈ।
ਕਿਉਂਕਿ ਰੰਗੀਨ ਪਰਦਿਆਂ ਤੇ ਠਹਿਰ ਕੇ ਵੀ
ਮੇਰਾ ਪੇਟ ਸੜਕ 'ਤੇ ਪਏ ਭੂਨੇ 'ਚ ਕੈਦ ਰਿਹਾ ਹੈ।

o

## ਸ਼ਕਤੀ ਮਰਦੀ ਨਹੀਂ

— ਸ਼ਿੰਦਰਪਾਲ ਸਿੰਘ

ਤੁਸੀਂ ਇਹ ਸਮਝ ਬੈਠੇ ਹੋ
ਕਿ ਸਾਡੀ ਹਾਰ ਹੋਈ ਹੈ
ਅਸੀਂ ਕੋਈ ਕਾਠ ਦੇ ਘੋੜੇ ਨਹੀਂ ਸਾਂ—
ਜੋ ਸੜ ਕੇ ਸਵਾਹ ਹੋ ਜਾਂਦੇ।
ਲੋਹਾ ਅੱਗ ਵਿਚ ਪੈ ਕੇ ਹੋਰ ਮਜ਼ਬੂਤ ਹੁੰਦਾ ਹੈ।
ਅਜੇ ਤਾਂ ਬੂਹੇ ਤੇ ਦਸਤਕ ਹੀ ਦਿੱਤੀ ਹੈ
ਅੰਦਰ ਜ਼ਰੂਰ ਜਾਵਾਂਗੇ

ਪਰ ਜਾਣ ਤੋਂ ਪਹਿਲਾਂ
ਹੱਥਾਂ ਦੇ ਕੰਡਿਆਂ ਨੂੰ ਚੁੰਮਣਾ
ਤੇ ਬਾਹਰ ਹੱਥੀਂ ਨਸ਼ਟ ਕੀਤੇ ਸਮੇਂ ਦਾ ਅਫਸੋਸ ਕਰਨਾ
ਹਰਗਿਜ਼ ਨਹੀਂ ਭੁਲਾਂਗੇ ।
ਅਸੀਂ ਤਾਂ ਦਿਲ ਦਿਖਾਇਆ ਸੀ—ਜੁਰਮ ਕੀਤਾ ਸੀ ।
ਤੁਸੀਂ ਦਿਲ ਛੁਪਾਉਂਦੇ ਹੋ—ਸੰਗੀਨ ਜੁਰਮ ।
ਕੋਈ ਪਰਵਾਹ ਨਾ ਕਰੋ
ਸਜ਼ਾ ਤਾਂ ਕਿਸੇ ਹੋਰ ਨੂੰ ਹੀ ਹੋਵੇਗੀ
ਅਤੇ ਪੈਗਾਮ ਸੁਨਣ ਤੋਂ ਪਹਿਲਾਂ,
ਉਹ ਬਰੀ ਹੋ ਜਾਵੇਗਾ ।
ਫਿਰ ਤੁਹਾਡੇ ਜਸ਼ਨ ਵਿਚ ਉਦਾਸੀ ਕਿਉਂ ?

o

## ਸਾਥੀ

—ਬਚਨਜੀਤ

ਅੱਜ ਤੁਰ ਪਏ ਸਫ਼ਰ ਦੇ ਰਾਹਾਂ 'ਤੇ
ਧਰ ਸੀਸ ਤਲੀ 'ਤੇ ਸਾਥੀ ।
ਪਈ ਲੋਕ ਦਰਦ ਦੀ ਮਘਦੀ ਏ,
ਸੀਨੇ ਵਿਚ ਚਿਣਗ ਚੁਆਤੀ ।
ਜੋ ਕਿਰਤ ਦਾ ਪੁੰਨੂੰ ਲੈ ਜਾਂਦੀ,
ਵਿਚ ਪਾ ਕੇ ਰੋਜ਼ ਕਚਾਵੇ ਦੇ,
ਉਨ੍ਹਾਂ ਫੜ ਤਲਵਾਰਾਂ ਰੋਕ ਲਈ,
ਅੱਜ ਕਰਕੇ ਹੌਂਸਲਾ ਡਾਚੀ ।
ਜੋ ਬੋਟੀ ਬੋਟੀ ਚੂੰਡ ਗਈ ਤੇ,
ਪੀ ਗਈ ਖੂਨ ਗਰੀਬਾਂ ਦਾ,
ਮੈਂ ਜਾਵਾਂ ਸਦਕੜੇ ਯਾਰਾਂ ਦੇ,
ਜਿਨ੍ਹਾਂ ਚੰਦਰੀ ਡੈਣ ਪਛਾਤੀ ।
ਆਇਆ ਰੰਗ ਸੁਨਹਿਰੀ ਕਣਕਾਂ 'ਤੇ
ਚੋਰਾਂ ਵੀ ਨਜ਼ਰ ਟਿਕਾਈ ਹੈ,
ਜਾ ਖੇਤ ਦੁਆਲੇ ਖੜ ਜਾਓ,
ਕਰ ਤਿੱਖੜੀ ਲੋਹੇ ਦੀ ਦਾਤੀ ।

o

## ਰੁਬਾਈ

—ਖਾਨ

ਉਹਨੂੰ ਕੌਣ ਬਹਾਦਰ ਆਖੇ, ਜੋ ਦੁੱਖਾਂ ਤੋਂ ਲੁਕਦਾ ।
ਉਹਨੂੰ ਸੀਸ ਨਾ ਆਖੋ, ਜਿਹੜਾ ਵੈਰੀ ਅੱਗੇ ਝੁਕਦਾ ।
'ਖਾਨਾ' ਸੋਈ ਬਹਾਦਰ, ਜਿਹੜਾ ਦੁਖ ਹਰੇ ਜਨਤਾ ਦੇ ;
ਦੁਖ ਜਦੋਂ ਜਨਤਾ ਤੇ ਪੈਂਦੇ, ਝੱਟ ਮੈਦਾਨੀ ਬੁਕਦਾ ।

o

## ਗ਼ਜ਼ਲ

—ਖਾਨ

ਧਰਤੀ ਨੂੰ ਅੱਜ ਡਾਢੀ ਲੋੜ ਮੇਰੇ ਹਾਣੀਆਂ ।
ਨਾ ਆਪਣੇ ਹੀ ਆਪ ਤੋਂ ਮੁਖ ਮੋੜ ਮੇਰੇ ਹਾਣੀਆਂ ।
ਮਿਹਨਤੀ ਦੇ ਹੱਕ ਨੂੰ ਰੱਜ ਲੁਟਿਆ ਜਰਵਾਣਿਆਂ,
ਤੂੰ ਜ਼ੁਲਮ ਦੇ ਕਰਦੇ ਕਿਲ੍ਹੇ 'ਚ, ਖੋੜ ਮੇਰੇ ਹਾਣੀਆਂ ।
ਜੋ ਤਗ਼ਮਿਆਂ ਦੀ ਆਸ ਤੇ, ਤੇਰੇ ਲਹੂ ਨਾਲ ਖੇਡਦੇ,
ਤੂੰ ਵੀ ਦੇ ਸਿਰ ਜ਼ਾਲਮਾਂ ਦਾ ਫੋੜ ਮੇਰੇ ਹਾਣੀਆਂ ।
ਸਦੀਆਂ ਤੋਂ ਤੈਨੂੰ ਆਪਣੇ ਹੀ ਆਪ ਕੋਲੋਂ ਤੋੜਿਆ,
ਹੁਣ ਕਿਰਤੀਆਂ ਦੇ ਨਾਲ ਮੋਢਾ ਜੋੜ ਮੇਰੇ ਹਾਣੀਆਂ ।
ਵਕਤ ਹੈ ਹੁਣ ਜ਼ਿੰਦਗੀ ਦਾ ਮੌਤ ਲਈ ਕੋਈ ਥਾਂ ਨਹੀਂ,
ਲੋਟੂਆਂ ਨੂੰ ਸਾਗਰਾਂ ਵਿਚ ਰੋੜ੍ਹ ਮੇਰੇ ਹਾਣੀਆਂ ।

o

## ਮਿਥਿਹਾਸ ਇਤਿਹਾਸ

—ਹਰਭਜਨ ਜੱਬਲ

ਰੰਗਸ਼ਾਲਾ ਵਿਚ ਬੈਠੇ ਦਰਸ਼ਕ
ਰੰਗਮੰਚ ਤੇ ਸਾਕਾਰ ਹੁੰਦੇ—
ਬਾਦਸ਼ਾਹੀ ਪਾਤਰ ਨੂੰ
ਨਫ਼ਰਤ ਕਰਨ ਲੱਗੇ ਨੇ ।
ਸ਼ਾਇਦ ! ਬੁਖਲਾ ਵੀ ਉਠਣ ।
ਫਿਲੌਰ ਵਿਚ
ਰੰਗ ਦੀਆਂ ਦੁੱਕੀਆਂ ਤਿੱਕੀਆਂ
ਬਦਰੰਗ ਬੇਗ਼ਮ ਨੂੰ
ਮਾਤ ਪਾ ਗਈਆਂ ਨੇ ।
ਪਰ ਇਹ ਸਿਆਸਤ ਏ—ਰੰਗਸ਼ਾਲਾ ਨਹੀਂ ।
ਮੁੱਦਤਾਂ ਤੋਂ ਵੇਖਦੇ ਆ ਰਹੇ ਹਾਂ
ਚੰਦ ਤੇ ਲੱਗੇ ਦਾਗਾਂ ਨੂੰ
ਪਰ ਅੱਜ ਫਿਲੌਰ ਵਿਚ
"ਪ੍ਰਕਾਸ਼" ਨੂੰ ਦਾਗਿਆ ਗਿਆ ਹੈ ।
ਖੱਦਰ ਤੇ ਲੱਗੇ ਇਨ੍ਹਾਂ ਦਾਗਾਂ ਨੂੰ
ਕਿੰਝ ਧੋਵੋਗੇ ?
ਦਰੋਪਤੀ ਦੇ ਚੀਰ-ਹਰਨ ਨੂੰ
ਤੁਸਾਂ ਮਿਥਿਹਾਸ ਕਹਿ ਦਿਤਾ
ਫਿਲੌਰ ਦੀ ਸਾਖੀ ਤਾਂ

ਉਸ ਤੋਂ ਵੀ ਅੱਗੇ ਹੈ।
ਇਸ ਨੂੰ ਕੀ ਕਹੋਗੇ ?
ਇਤਿਹਾਸ ਜਾਂ ਮਿਥਿਹਾਸ।

o

## ਮਸ਼ਵਰਾ

—ਗਿ: ਲਛਮਣ ਸਿੰਘ 'ਅਜ਼ਾਦ'

(ਜੇਲ ਕੋਠੜੀਆਂ ਵਿਚ ਬੰਦ ਲੇਖਕਾਂ ਨੂੰ ਸਮਰਪਤ—
ਸਰਕਾਰ ਦੇ ਨਾਂ)

ਤੁਸੀਂ ਹੱਡ ਮਾਸ ਦੇ ਪੁਤਲਿਆਂ ਨੂੰ
ਜੇਲਾਂ 'ਚ ਕਿਉਂ ਡੱਕਦੇ ਹੋ ?
ਤੁਸੀਂ ਉਨ੍ਹਾਂ ਦੇ ਛਾਏ ਤੋਂ ਡਰਦੇ ਹੋ ?
ਜਾਂ ਫਿਰ—
ਕਲਮ ਦੀ ਨੋਕ ਚੁਭਦੀ ਏ ?
ਉਹਨਾਂ ਦਾ ਕੀ ਦੋਸ਼ ?
ਉਹਨਾਂ ਦੇ ਦਿਮਾਗ ਵਿਚ ਉੱਗ ਰਹੇ ਖਿਆਲਾਂ ਨੂੰ
ਸੂਲੀ ਟੰਗੋ !
ਜਾਂ ਫਿਰ—
ਚੋਰ ਦੀ ਥਾਂ ਉਸ ਦੀ ਮਾਂ ਨੂੰ ਫੜੋ—
ਸਮਾਜ ਦੇ ਮੁੱਢ ਗੰਦੀ ਖਾਦ ਨਾ ਪਾਉ
ਖਿਆਲ ਆਪ ਨਹੀਂ ਉੱਗਣਗੇ,
ਜੇਲਾਂ ਭਰਨ ਦਾ ਕੀ ਫ਼ਾਇਦਾ ?
ਖਿਆਲ ਤਾਂ ਉਗਦੇ ਹੀ ਰਹਿਣਗੇ।

o

## ਗੋਬਿੰਦ ਮਾਰਗ

—ਦਵਿੰਦਰ ਦੀਦਾਰ

ਹਰ ਬਲਾਕ ਚੋਂ ਸਰਕਾਰੀ ਬੱਸਾਂ
ਕਾਮਿਆਂ ਤੇ ਕਿਸਾਨਾਂ ਨਾਲ ਤੁਸੀਆਂ
ਅਨੰਦਪੁਰ ਵਲ ਵਧੀਆਂ
ਪੀਲਿਆਂ ਝੰਡਿਆਂ ਦੀ ਛਾਵੇਂ ਲੋਕ
ਪਿਛੇ ਰਹਿ ਗਏ ਪਰਵਾਰਾਂ ਦੀਆਂ
ਖਾਲੀ ਥਾਲੀਆਂ,
ਤੇ ਪਸ਼ੂਆਂ ਦੀਆਂ ਖਾਲੀ ਖੁਰਲੀਆਂ
ਬਾਰੇ ਸੋਚਦੇ,
ਤੇ ਸੋਚਦੇ ਉਸ ਗੋਬਿੰਦ ਬਾਰੇ
ਜੋ ਤਿੰਨ ਸੌ ਸਾਲ ਬਾਦ
ਬਿਨ ਮਕਸਦ
ਬਠਿੰਡੇ ਵਲ ਵਧ ਰਿਹਾ ਹੈ।

o

## ਮੱਧ-ਵਰਗ

—ਅਮਰਜੀਤ 'ਘਣਰਾਸ'

ਬੇ-ਹੱਦ ਜ਼ਲੀਲਤਾ ਢੋ ਕੇ ਵੀ,
ਖਾਲੀ ਹੱਥ ਬੈਠਾ,
ਕਥਿਤ ਮੱਧ-ਵਰਗੀ;
ਸੁਨਹਿਰੀ ਭਵਿੱਖ ਲਈ ਝੂਰਦਾ ਹੈ।
ਰੱਸੀ 'ਤੇ ਟੰਗੇ ਕਪੜੇ ਵਾਂਗ,
ਮਨ ਉਸਦਾ ਝੂਲਦਾ ਹੈ,
ਅੱਗੇ-ਪਿੱਛੇ;
ਸ਼੍ਰੇਣੀ-ਸੰਘਰਸ਼ ਲਈ—
ਖਿਆਲ ਉਸਦੇ ਉਠਦੇ ਬੈਠਦੇ ਹਨ;
ਪਾਲਤੂ ਬੀਮਾਰ ਪਸ਼ੂ ਵਾਂਗ।
ਉਹ ਭਵਿੱਖ ਦੇ (ਲਾਰਿਆਂ ਦੇ),
ਕਿੱਲੇ ਬੰਨ੍ਹੀ ਗਊ ਹੈ;
ਜਿਸ ਦਾ ਕਿੱਲਾ (ਸੰਗਲ),
ਮਾਲਕਾਂ (ਹਾਕਮਾਂ) ਨੇ ਨਹੀਂ ਤੋੜਨਾ।
ਕਿੱਲਾ ਤਾਂ ਖ਼ੁਦ ਤੋੜਨਾ ਪੈਣੈਂ,
ਭੋਲੀਏ ਗਊਏ !
ਰੁੰਭਿਆਂ ਮੁਕਤੀ ਨਹੀਂ ਮਿਲਣੀ।

o

## ਗ਼ਜ਼ਲ

—ਰਾਜਿੰਦਰ ਸੋਢੀ

ਧੁੱਪ ਦੀ ਕਾਤਰ ਕਮਰੇ ਅੰਦਰ ਆਈ ਹੈ।
ਕਮਰੇ ਦੀ ਹਰ ਲੋ ਇਸ ਨੇ ਸੰਗੜਾਈ ਹੈ।
ਦਿਨ ਨੇ ਜੋ ਹੈ ਗੱਲ ਸੁਣਾਈ ਰਾਤਾਂ ਨੂੰ,
ਰਾਤਾਂ ਮੈਨੂੰ ਰੋ ਰੋ ਨਿੱਤ ਸੁਣਾਈ ਹੈ।
ਜਿਹੜੀ ਮਰਜ਼ੀ ਦਿਲ ਕਰਦਾ ਹੈ ਲੈ ਜਾਵੋ,
ਆਪਣੀ ਲਾਸ਼ ਮੈਂ ਹਰ ਖੂੰਜੇ ਲਟਕਾਈ ਹੈ।
ਪੱਥਰ ਦੇ ਕੰਨਾਂ ਵਾਲੇ ਕਦ ਸੁਣਦੇ ਨੇ,
ਚਾਰ ਚੁਫੇਰੇ ਮੱਚੀ ਹਾਲ ਦੁਹਾਈ ਹੈ।

ਸੁੱਚੇ ਚਮਨ ਕੀ ਹੁੰਦੇ ਮੈਂ ਕੀ ਜਾਣਾਂ,
ਜੂਠੇ ਚਮਨ ਦੀ ਮੈਂ ਜੂਠ ਹੰਢਾਈ ਹੈ।
ਤਾਰੇ ਭਰਨ ਹੁੰਗਾਰਾ ਪਹੁ-ਫੁਟਾਲੇ ਤਕ,
ਪਾ ਪਾ ਚੰਨ ਸੰਗ ਬਾਤਾਂ ਰਾਤ ਲੰਘਾਈ ਹੈ।
ਮੇਰੇ ਮੌਸਮ ਦੀ ਤਾਂ ਗੱਲ ਅਨੋਖੀ ਹੈ,
ਰੁੱਤ ਰੰਗੀਲੀ ਪਤਝੜ ਸੰਗ ਪਰਣਾਈ ਹੈ।

o

## ਗ਼ਜ਼ਲ

—ਅਮਰਜੀਤ ਸੰਧੂ

ਪ੍ਰਸ਼ਨ ਸੀ ਕਿ ਬੁੱਤ ਬਣਨੈ ਜਾਂ ਕਿਤਾਬ ?
ਦਿਲ ਮਿਰੇ ਝੱਟ ਆਖਿਆ, "ਹਾਂ ਹਾਂ ਕਿਤਾਬ।"
ਬੁੱਕ-ਡੀਪੂ ਸਾਹਮਣੇ ਤੰਦੂਰ ਹੈ,
ਸੋਚਦਾਂ — ਰੋਟੀ ਖਰੀਦਾਂ ਜਾਂ ਕਿਤਾਬ ?
ਸ਼ਹਿਰ ਭਰ ਦੇ ਚਿਹਰਿਆਂ ਤੇ, ਦੋਸਤੋ !
ਨਾ ਕਿਤੇ ਸੰਗੀਤ ਮਿਲਿਆ ਨਾ ਕਿਤਾਬ।
'ਕਿਸ ਤਰ੍ਹਾਂ ਹਿੰਸਾ ਘਿਨਾਉਣੀ ਵਸਤ ਹੈ',
ਘੁੱਗੀਆਂ ਲਈ ਲਿਖ ਰਿਹਾ ਏ ਕਾਂ ਕਿਤਾਬ।
'ਛਾਪ ਕੇ ਮੈਨੂੰ ਬਜ਼ਾਰੀਂ ਵੇਚ ਦੇਹ',
ਕਰਦੀ ਏ ਛਾਪਕ ਦੀਆਂ ਮਿੰਨਤਾਂ ਕਿਤਾਬ।
ਮੈਂ ਵੀ ਫਿਰ ਖਿਆਲਾਂ ਦੇ ਖੰਭੀਂ ਉੱਡਦਾ,
ਕਾਸ਼ ਹੁੰਦਾ ਆਦਮੀ ਦੀ ਥਾਂ ਕਿਤਾਬ।

o

## ਬਚਪਨ

—ਗੁਰਪ੍ਰਤਾਪ ਸਿੰਘ ਚੀਮਾ

ਪਾਟੇ ਪਹਿਰਾਵੇ ਨੂੰ ਵੇਖ ਕੇ,
ਆ ਜਾਂਦਾ ਹੈ ਅਤੀਤ ਦਾ ਮੁੜ ਚੇਤਾ।
ਜਦੋਂ ਨਾ ਡਰ ਸੀ ਧੁਪਦਾ ਨਾ ਸ਼ਰਮ-ਹਯਾ ਸੀ ਕਿਸੇ ਦੀ!
ਪਰ ਹੁਣ, ਸਿਆਣਪ ਤੇ ਉਮਰ ਦੀ ਵਡੱਪਣ,
ਲੋੜਦੀ ਹੈ ਜਿਸਮ ਕੱਜਣ ਨੂੰ।
ਉਦੋਂ ਸ਼ੁਗਲ ਸੀ ਪਿੱਤ ਮਾਰਨ ਦਾ,
...ਹੁਣ ਮਜਬੂਰੀ ਹੈ ਲੀਰਾਂ ਸੰਗ ਜਿਸਮ ਹੰਢਾਉਣ ਦੀ,
ਫਰਕ ਸਿਰਫ ਏਨਾ ਹੀ ਉਮਰ ਦੀ ਚਾਲ ਦਾ ਹੈ।
ਉਦੋਂ ਤੋਤਲੀਆਂ ਗੱਲਾਂ ਕਰਦੇ ਸਾਂ...
ਹੁਣ ਚੁਪ ਹਾਂ, ਗੂੰਗੇ ਹਾਂ।
ਗਰੀਬੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਵੀ,
ਚੰਗਾ ਸੀ ਉਹ ਬਾਲਪਨ।
ਨਾ ਫਿਕਰ ਸੀ ਖਾਣ ਦਾ, ਨਾ ਲੋੜ ਸੀ ਜਿਸਮ ਲਕੋਣ ਦੀ।
...ਦਿਨ ਛੋਟੇ ਹੁੰਦੇ ਸਨ ਤੇ ਫੁਰਸਤ ਨਹੀਂ ਮਿਲਦੀ
ਸੀ ਖੇਡਣ ਤੋਂ...।
ਹੁਣ ਮਹੀਨਾ ਸਦੀ ਜਾਪਦਾ ਹੈ ਤੇ ਵਿਹਲ ਤਾਸ਼ ਤੋਂ ਵੀ ਵੱਧ
ਸਮੇਂ ਦਾ ਗੇੜ ਹੀ ਐਸਾ ਹੈ ਯਾਰਾ
...ਵਕਤ ਦਿਵਾ ਦੇਂਦਾ ਹੈ ਮੁੜ ਚੇਤਾ ਬਚਪਨ ਦਾ,
ਜਦੋਂ ਨਾ ਸ਼ਹਿੰਸਾ ਸੀ ਪੇਟ ਦਾ
ਨਾ ਸ਼ਰਮ ਹਯਾ ਸੀ ਜਿਸਮ ਦੀ
ਉਹ ਦਿਨ ਚੰਗੇ ਸਨ ਦੋਸਤ !
ਜਦੋਂ ਹੋਇਆਂ ਛਾਤੀ ਵਧਦੀ ਸੀ
ਤੇ ਘੱਟਦਾ ਸੀ ਗ਼ਮ ਚਿੱਤ ਤੋਂ,
ਪਰ—
ਸਾਥੀਓ ਸਮੇਂ ਦੀ ਚਾਲ ਹੀ ਵਿਪਰੀਤ ਹੈ।
ਨਾ ਮਾਂ ਦਾ ਉਹ ਪਿਆਰ ਰਿਹਾ,
...ਸਮਾਂ ਵੀ ਬੁਢਾ ਹੋ ਗਿਆ।
ਪਰ ਰੂਹ ਅਤੀਤ ਨੂੰ ਹੀ ਪਿਆਰਦੀ ਹੈ
ਕਿਉਂਕਿ ਉਹ ਦਿਨ ਚੰਗੇ ਸਨ !
ਉਹ ਪਹਿਰ ਚੰਗੇ ਸਨ।

o

## ਰਾਜ਼

—ਰਾਜ

"ਸਰਪੰਚ ਸਾਹਿਬ, ਤੁਹਾਡਾ ਹੋਰ ਚੋਣ 'ਚ ਸਰਪੰਚ ਚੁਣੇ ਜਾਣ ਦਾ ਕੀ ਰਾਜ਼ ਹੈ ?"

"ਪੁੱਤਰਾ, ਚੋਣ ਜਿੱਤਣਾ ਤਾਂ ਬਹੁਤ ਸੌਖਾ ਕੰਮ ਏ।"

"ਉਹ ਕਿਵੇਂ ਸਰਪੰਚ ਸਾਹਿਬ ?"

"ਚੋਣਾਂ ਦੇ ਦਿਨਾਂ 'ਚ ਆਪਣੇ ਗਲ 'ਚ ਦੁਪੱਟਾ ਪਾ ਲਵੋ। ਜੋ ਵੋਟਰ ਮਿਲੇ ਦੁਪੱਟਾ ਉਸ ਤੇ ਚਰਨਾਂ 'ਤੇ ਰੱਖ ਕੇ ਕਹੋ, ਬੇੜੀ ਡੁੱਬਦੀ ਜਾਂਦੀ ਏ, ਹੁਣ ਤਾਂ ਤੇਰੇ ਰੱਖਣ ਤੇ ਆ ਦੋਸਤਾ।"

"ਤੇ ਫਿਰ...?"

"ਫਿਰ ਜਦੋਂ ਜਿੱਤ ਜਾਵੋ, ਉਹ ਹੀ ਦੁਪੱਟਾ ਵੋਟਰ ਦੇ ਗਲ 'ਚ ਪਾ ਲਵੋ।"

"ਉਹ ਕਿਉਂ ?"

"ਇਹ ਸੂਤ ਹੀ ਇਵੇਂ ਆਉਂਦੇ ਆ।" o

# ਪਾਠਕ ਲੇਖਕ ਫੋਰਮ

'ਪਾਠਕ ਲੇਖਕ ਫੋਰਮ' ਦੇ ਕਾਲਮਾਂ ਵਿਚ ਖੱਬੇ ਪੱਖ ਦੀ ਸਿਆਸਤ ਉਤੇ ਜਿਹੜਾ ਵਿਚਾਰ ਵਟਾਂਦਰਾ ਜਾਂ ਟਿਪਣੀਆਂ ੫-੬ ਮਹੀਨਿਆਂ ਵਿਚ ਛਪੀਆਂ ਹਨ, ਉਹਨਾਂ ਨੂੰ ਅੱਗੇ ਲਿਜਾਂਦਿਆਂ ਸੀ.ਪੀ.ਆਈ. ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਕੁਝ ਪੱਖ ਇਹਨਾਂ ਕਾਲਮਾਂ ਵਿਚ ਅਸੀਂ ਦੇ ਰਹੇ ਹਾਂ — ਇਹ ਸਾਰੀ ਸਿਆਸਤ ਨਿੱਖਰ ਕੇ ਲੋਕਾਂ ਅੱਗੇ ਆਏ, ਇਸੀ ਆਸ਼ੇ ਲਈ ਅਸੀਂ ਇਹ ਵਿਚਾਰ-ਵਟਾਂਦਰਾ ਜਾਰੀ ਰੱਖ ਰਹੇ ਹਾਂ — ਲੇਖਕਾਂ ਅੱਗੇ ਬੇਨਤੀ ਹੈ ਕਿ, ਆਪਣੇ ਵਿਚਾਰ ਸੰਭਵ ਸੰਖੇਪਤਾ ਵਿਚ ਦੇਣ ਦਾ ਯਤਨ ਕਰਨ ਅਤੇ ਜ਼ਾਤੀ ਊਜਾਂ ਤੋਂ ਪ੍ਰਹੇਜ਼ ਕਰਨ।

[ਸੰਪਾਦਕ

## ਕਮਿਊਨਿਸਟ ਕੈਡਰ (੧)

—ਸੁਰਜੀਤ ਗਿੱਲ

ਗੁਰਸ਼ਰਨ ਸਿੰਘ ਜੀ, ਦਾਸ ਨੇ ਪਹਿਲਾਂ ਵੀ ਤੁਹਾਡੀ ਸੇਵਾ ਵਿਚ ਬੇਨਤੀ ਕੀਤੀ ਸੀ ਕਿ ਤੁਹਾਡੀ ਸੂਝ ਤੇ ਤੁਹਾਡੀ ਕਮਿਊਨਿਸਟ ਲਹਿਰ ਲਈ ਸ਼ੁਭਚਿੰਤਕਤਾ ਆਪਸੀ ਮੇਲ ਨਹੀਂ ਖਾਂਦੀਆਂ। ਤੁਹਾਡੀ ਨੀਅਤ ਤੇ ਸ਼ੱਕ ਨਹੀਂ, ਪ੍ਰੰਤੂ ਤੁਹਾਡੀ ਅਗਿਆਨਤਾ ਉਸ ਮਿੱਤਰ ਵਾਲਾ ਕਰਦਾਰ ਅਦਾ ਕਰ ਰਹੀ ਹੈ, ਜਿਸ ਨੇ ਆਪਣੇ ਪਿਤਰ ਤੇ ਮੱਖੀ ਬੈਠਣ ਤੋਂ ਰੋਕਣ ਲਈ ਤਲਵਾਰ ਦੀ ਵਰਤੋਂ ਕੀਤੀ ਸੀ ਤੇ ਮਿੱਤਰ ਦਾ ਗੱਲ ਵੱਢ ਦਿਤਾ ਸੀ।

ਇਸ ਵੇਰ ਨਵੰਬਰ ਦੇ ਪਰਚੇ ਵਿਚ ਕਮਿਊਨਿਸਟ ਕੇਡਰ ਦੇ ਨਾਂ ਤੁਹਾਡੀ ਅਪੀਲ ਪੜ੍ਹ ਕੇ ਤੁਹਾਡੇ ਭੋਲੇਪਣ ਤੇ ਤਰਸ ਆਇਆ। ਤੁਸੀਂ ਅਚੇਤ ਤੌਰ ਤੇ ਹੀ ਕਮਿਓਨਿਸਟ ਲਹਿਰ ਦੇ ਦੁਸ਼ਮਣਾਂ ਦੀ ਗਲ ਕਰ ਗਏ ਹੋ। ਤੁਸੀਂ ਜੋ ਤੱਥ ਕਮਿਊਨਿਸਟ ਲਹਿਰ ਦੀ ਫੁੱਟ ਬਾਰੇ ਪੇਸ਼ ਕੀਤੇ ਹਨ, ਉਹ ਨਾ ਤਾਂ ਵਾਕਿਆਤੀ ਤੌਰ ਤੇ ਦਰੁਸਤ ਹਨ ਅਤੇ ਨਾ ਹੀ ਸਿਧਾਂਤਕ ਤੌਰ ਤੇ। ਫੁਟ ਦਾ ਜੋ ਨਿਰਣਾ ਤੁਸਾਂ ਕੀਤਾ ਹੈ, ਇਹ ਕਮਿਊਨਿਸਟ ਲਹਿਰ ਦੀ ਏਕਤਾ ਕਾਇਮ ਨਹੀਂ ਕਰੇਗਾ ਬਲਕਿ ਈਮਾਨਦਾਰ ਕਮਿਊਨਿਸਟ ਕਾਡਰ ਨੂੰ ਹੋਰ ਫਰਸਟਰੇਟ ਕਰੇਗਾ।

ਕਮਿਊਨਿਸਟ ਲਹਿਰ ਦੀ ਫੁੱਟ ਨਾ ਤਾਂ ਕੇਵਲ ਪੰਜਾਬ ਰਾਜ ਦਾ ਮਸਲਾ ਹੈ, ਅਤੇ ਨਾ ਹੀ ਇਹ ਗੁੱਟ-ਬੰਦੀ ਜਾਂ ਚੌਧਰ ਦੇ ਝਗੜੇ ਦਾ ਸਿੱਟਾ ਹੈ। ਇਸ ਦੇ ਕਾਰਨ ਕੌਮਾਂਤਰੀ ਤੇ ਕੌਮੀ ਪੱਧਰ ਤੇ ਕਮਿਊਨਿਸਟ ਲਹਿਰ ਵਿਚ ਉਭਰੇ ਬੁਨਿਆਦੀ ਸਿਧਾਂਤਕ ਸਵਾਲ ਹਨ। ਇਹਨਾਂ ਕਾਰਨਾਂ ਦੀ ਡੂੰਘੀ ਘੋਖ ਤੇ ਵਾਕਿਆਤੀ ਤੌਰ ਤੇ ਦਰੁਸਤ ਹਕੀਕਤਾਂ ਪੇਸ਼ ਕਰਕੇ ਹੀ ਕਿਸੇ ਸਿੱਟੇ ਤੇ ਪੁਜਿਆ ਜਾ ਸਕਦਾ ਹੈ।

ਭਾਰਤ ਦੀ ਕਮਿਊਨਿਸਟ ਲਹਿਰ ਵਿਚ ਵਿਚਾਰਧਾਰਕ ਮੱਤ-ਭੇਦ ਬਹੁਤ ਪੁਰਾਣੇ ਹਨ। ਜਿਹੜੇ ਉਘੜਵੇਂ ਰੂਪ ਵਿਚ ਕਈ ਵੇਰ ਪਾਰਟੀ ਅੰਦਰ ਪ੍ਰਗਟ ਹੁੰਦੇ ਰਹੇ ਹਨ। ਤੇ ਵਕਤੀ ਤੌਰ ਤੇ ਮੱਠੇ ਪੈਂਦੇ ਰਹੇ ਹਨ। ਪਰੰਤੂ ੧੯੫੫ ਵਿਚ ਪਾਲ ਘਾਟ ਕਾਂਗਰਸ ਸਮੇਂ ਇਹ ਮੱਤਭੇਦ ਬਹੁਤ ਖੁਲ੍ਹ ਕੇ ਸਾਹਮਣੇ ਆ ਗਏ ਸਨ। ਉਸ ਸਮੇਂ ਪਾਰਟੀ ਅੰਦਰ ਚਲ ਰਹੇ ਦੋ ਸਿਧਾਂਤਕ ਸੇਧਾਂ ਖੁਲ੍ਹੇ ਤੌਰ ਤੇ ਦੋ ਵਿਰੋਧੀ ਮਤਿਆਂ ਦੇ ਰੂਪ ਵਿਚ ਪੇਸ਼ ਹੋਈਆਂ। ਇਹ ਸਮਾਂ ਉਹ ਸੀ ਜਦੋਂ ਪੰਜ ਸਾਲਾ ਪਲਾਨ ਲਾਗੂ ਹੋ ਗਿਆ ਸੀ ਤੇ ਪਾਰਟੀ ਅੰਦਰ ਇਕ ਧੜਾ ਇਸ ਨੂੰ ਸਮਾਜਵਾਦ ਵਲ ਵਧਣ ਦਾ ਇਕ ਕਦਮ ਦਸਣ ਲਗ ਪਿਆ ਸੀ। ਉਹ ਉਸ ਵੇਲੇ ਦੀ ਨਹਿਰੂ ਸਰਕਾਰ ਵਲ ਮਿਲਵਰਤਣੀ ਪਹੁੰਚ ਅਪਨਾਉਣਾ ਚਾਹੁੰਦਾ ਸੀ। ਪਰੰਤੂ ਆਪਣੇ ਮੰਤਵ ਵਿਚ ਸਫਲ ਨਾ ਹੋ ਸਕਿਆ। ਪਾਰਟੀ ਅੰਦਰਲੇ ਇਸ ਸਿਧਾਂਤਕ ਮਤ-ਭੇਦ ਨੇ ਪਾਰਟੀ ਦੇ ਵਿਕਾਸ ਤੇ ਬਹੁਤ ਭੈੜਾ ਅਸਰ ਪਾਇਆ। ਪਾਰਟੀ ਲੈਨਿਨੀ ਅਸੂਲਾਂ ਅਨੁਸਾਰ ਸਿਧਾਂਤ ਤੇ ਅਮਲ ਦੀ ਏਕਤਾ ਦਾ ਪ੍ਰਗਟਾਵਾ ਨਾ ਰਹੀ ਬਲਕਿ ਸੋਸ਼ਲ ਡੈਮੋਕਰੇਟਿਕ ਢੰਗ ਤੇ ਆਪਣੇ ਅੰਦਰਲੇ ਜਜ਼ਬਿਆਂ ਤੇ ਸੋਚਣੀ ਦਾ ਪ੍ਰਗਟਾਵਾ ਹੋ ਕੇ ਰਹਿ ਗਈ। ਇਸ ਦੌਰਾਨ ਕੋਈ ਵੀ ਕੌਮੀ ਪੱਧਰ ਦੀ ਜਦੋ-ਜਹਿਦ ਪਾਰਟੀ ਲਾਮ-ਬੰਦ ਨਹੀਂ ਕਰ ਸਕੀ।

ਇਸੇ ਸਿਧਾਂਤਕ ਟਕਰਾ ਨੇ ੧੯੬੧ ਵਿਚ ਵਿਜੇਵਾੜਾ ਕਾਂਗਰਸ ਵਿਚ ਹੋਰ ਵੀ ਤੀਖਣਤਾ ਧਾਰਨ ਕਰ ਲਈ ਜਦੋਂ ਦੋ ਵਿਚਾਰਾਂ ਨੇ ਖੁਲ੍ਹੇ ਤੌਰ ਤੇ ਦੋ ਵੱਖੋ ਵਖਰੀਆਂ ਕਾਂਗਰਸਾਂ ਦਾ ਰੂਪ ਧਾਰ ਲਿਆ। ਜਿਥੇ ਕੇਂਦਰੀ ਕਮੇਟੀ ਦੀ ਰਿਪੋਰਟ ਹੀ ਮਨਜ਼ੂਰ ਨਾ ਹੋ ਸਕੀ ਤੇ ਜਨਰਲ

ਸਕੱਤਰ ਦੀ ਤਕਰੀਰ ਨੂੰ ਹੀ ਰਿਪੋਰਟ ਵਜੋਂ ਸਵੀਕਾਰ ਕਰਨਾ ਪਿਆ। ਇਸ ਕਾਂਗਰਸ ਵਿਚ ਵੀ ਕਮਿਊਨਿਸਟ ਲਹਿਰ ਦੇ ਤੁਹਾਡੇ ਵਰਗੇ ਭੋਲੇ ਸ਼ੁਭ-ਚਿੰਤਕ ਸਨ, ਜਿਹੜੇ ਸਿਧਾਂਤਕ ਨਖੇੜਾ ਜਥੇਬੰਦਕ ਪੱਧਰ ਤੇ ਵੀ ਕਰਨ ਲਈ ਤਿਆਰ ਨਹੀਂ ਸਨ।

੧੯੬੨ ਵਿਚ ਤਾਂ ਕਮਿਊਨਿਸਟ ਪਾਰਟੀ ਅੰਧ ਰਾਸ਼ਟਰਵਾਦ ਦਾ ਪੂਰਨ ਤੌਰ ਤੇ ਸ਼ਿਕਾਰ ਹੋ ਗਈ। ਜੋ ਕਿ ਕਮਿਊਨਿਸਟ ਲਹਿਰ ਵਿਚ ਇਕ ਭੱਦੀ-ਘਾਲ ਹੈ। ਉਸ ਵੇਲੇ ਕਮਿਊਨਿਸਟ ਪਾਰਟੀ ਦੇ ਇਕ ਧੜੇ ਨੇ ਉਹੋ ਗੱਲਾਂ ਕੀਤੀਆਂ ਜਿਹੜੀਆਂ ਕਿ ਜਨਸੰਘ ਤੇ ਸੁਤੰਤਰ ਪਾਰਟੀਆਂ ਕਰ ਰਹੀਆਂ ਹਨ। ਦੂਜੇ ਹਿੱਸੇ ਨੇ ਇਸ ਵਿਰੁਧ ਡੱਟ ਕੇ ਮਾਰਕਸੀ-ਲੈਨਿਨੀ ਸਟੈਂਡ ਲਿਆ। ਇਕ ਹਿੱਸਾ ਇਹ ਕੁਝ ਕਰਨ ਸਮੇਂ ਕਿਸੇ ਭੁਲੇਖੇ ਦਾ ਸ਼ਿਕਾਰ ਨਹੀਂ ਸੀ। ਉਹ ਜਾਣਦਾ ਸੀ ਕਿ ਸਮੇਂ ਦੀ ਸਰਕਾਰ ਇਸ ਮਾਰਕਸੀ-ਲੈਨਿਨੀ ਸਟੈਂਡ ਨੂੰ ਬਰਦਾਸ਼ਤ ਨਹੀਂ ਕਰੇਗੀ, ਤੇ ਦਮਨ ਚੱਕਰ ਚਲਾਏਗੀ। ਪਰ ਕਮਿਊਨਿਸਟ ਦਮਨ ਤੋਂ ਕਦੇ ਨਹੀਂ ਡਰਦੇ। ਉਹ ਆਪਣੇ ਅਸੂਲਾਂ ਤੇ ਨਿਡਰਤਾ ਨਾਲ ਪਹਿਰਾ ਦਿੰਦੇ ਹਨ। ਸੋ ਉਹਨੇ ਦਿਤਾ।

ਅਜਿਹੀ ਸਥਿਤੀ ਵਿਚ ਅਖੌਤੀ ਤੌਰ ਤੇ ਏਕਤਾ ਦਾ ਬੁਰਕਾ ਪਾਉਣਾ ਤੇ ਸਿਧਾਂਤਕ ਸਵਾਲਾਂ ਦਾ ਜਥੇਬੰਦਕ ਨਿਰਣਾ ਨਾ ਕਰਨਾ ਇਕ ਗਲਤ ਕਦਮ ਹੁੰਦਾ। ਜਿਸ ਕਾਰਨ ਪਹਿਲਾਂ ਹੀ ਕਮਿਊਨਿਸਟ ਲਹਿਰ ਨੂੰ ਬਹੁਤ ਨੁਕਸਾਨ ਪੁਜ ਚੁਕਿਆ ਸੀ। ਇਸ ਕਰਕੇ ਮਜਬੂਰਨ ਇਸ ਹਿੱਸੇ ਨੂੰ ਭਾਰਤੀ ਕਮਿਊਨਿਸਟ ਪਾਰਟੀ ਦੀ ਸੋਧਵਾਦੀ ਤੇ ਮਿਲਵਰਤਨੀ ਲੀਡਰਸ਼ਿਪ ਵਿਰੁਧ ਖੁਲ੍ਹੇ ਤੌਰ ਤੇ ਲੜਨਾ ਪਿਆ।

ਇਸ ਸਿਧਾਂਤਕ ਪੱਖ ਤੋਂ ਬਿਨਾਂ ਹੁਣ ਵਾਕਿਆਤੀ ਤੌਰ ਤੇ ਲਉ। ਜਿਹੜੇ ਹਿਸੇ ਨੇ ਸਿਧਾਂਤਕ ਘੋਲ ਦਾ ਜਥੇਬੰਦਕ ਰੂਪ ਧਾਰਨ ਕੀਤਾ। ਉਹ ਉਸ ਵੇਲੇ ਦੀ ਕਮਿਊਨਿਸਟ ਲਹਿਰ ਦੀ ਲੀਡਰਸ਼ਿਪ ਸੀ। ਉੱਚੀਆਂ ਕਮੇਟੀਆਂ ਦੇ ਮੈਂਬਰ ਸਨ, ਜੇਕਰ ਉਹ ਵੀ ਸੋਧਵਾਦੀ ਹਿਸੇ ਵਾਂਗ ਅੰਧ ਰਾਸ਼ਟਰਵਾਦ ਦਾ ਝੰਡਾ ਚੁੱਕ ਲੈਂਦੇ ਤਾਂ ਉਹਨਾਂ ਨੂੰ ਕੋਈ ਵੀ ਕੁਝ ਕਹਿਣ ਲਈ ਤਿਆਰ ਨਹੀਂ ਸੀ। ਉਹਨਾਂ ਦੀਆਂ ਗੱਦੀਆਂ ਕਾਇਮ ਸਨ। ਉਸ ਧੜੇ ਨੇ ਗੱਦੀਆਂ ਪ੍ਰਾਪਤ ਕਰਨ ਲਈ ਕੌਮਾਂਤਰੀਵਾਦ ਦਾ ਝੰਡਾ ਉੱਚਾ ਨਹੀਂ ਕੀਤਾ ਸੀ ਬਲਕਿ ਗੱਦੀਆਂ ਗੁਆਉਣ ਲਈ ਕੀਤਾ ਸੀ।

ਪੰਜਾਬ ਦੀ ਗੱਲ ਲੈ ਲਓ, ਸਾਥੀ ਸੋਹਨ ਸਿੰਘ ਜੋਸ਼ ਤੇ ਮਾਸਟਰ ਹਰੀ ਸਿੰਘ ਪਾਰਟੀ ਅੰਦਰ ਸਦਾ ਹੀ ਖੱਬੇ ਪੱਖੀ ਦੀ ਨੁਮਾਇੰਦਗੀ ਕਰਦੇ ਰਹੇ ਸਨ। ਪਾਰਟੀ ਅੰਦਰ ੧੯੬੨ ਦੇ ਮੱਤ ਭੇਦਾਂ ਸਮੇਂ ਵੀ ਉਹ ਸਿਧਾਂਤਕ ਤੌਰ ਤੇ ਖੱਬੇ ਪੱਖ ਵਿਚ ਖੜੇ ਸਨ। ਉਹਨਾਂ ਨੂੰ ਮਤ ਭੇਦ ਕੇਵਲ ਵਖਰੀ ਪਾਰਟੀ ਬਨਣ ਤੇ ਸੀ। ਤੁਹਾਡੇ ਸ਼ਬਦਾਂ ਅਨੁਸਾਰ ਉਹ ਪਹਿਲਾਂ ਤੋਂ ਹੀ ਸੁਰਜੀਤ ਧੜੇ ਨਾਲ ਸਨ, ਪਰ ਅੰਤ ਵਿਚ ਗਏ ਉਹ ਦੂਜੇ ਪਾਸੇ। ਹੁਣ ਦੀ ਮਾਰਕਸੀ ਪਾਰਟੀ ਲੀਡਰਸ਼ਿਪ ਤੇ ਬਹੁਤੇ ਵਰਕਰ ਆਪਣੀ ਪੱਧਰ ਦੇ ਪਾਰਟੀ ਲੀਡਰ ਸਨ, ਉਨ੍ਹਾਂ ਦੀ ਲੀਡਰੀ ਨੂੰ ਵੀ ਕੋਈ ਖ਼ਤਰਾ ਨਹੀਂ ਸੀ। ਪਰ ਇਸ ਸਿਧਾਂਤ ਦੇ ਜਥੇਬੰਧਕ ਨਖੇੜੇ ਕਾਰਨ ਉਹਨਾਂ ਨੇ ਪਾਰਟੀ ਲੀਡਰੀਆਂ ਗੁਆਈਆਂ ਹਨ। ਹਾਸਲ ਨਹੀਂ ਕੀਤੀਆਂ।

ਦਾਸ ਦੀ ਆਪਣੀ ਮਸਾਲ ਲੈ ਲਉ। ਦਾਸ ਜ਼ਿਲੇ ਦੀ ਲੀਡਰਸ਼ਿਪ ਵਿਚ ਸੀ। ਇਲਾਕੇ ਦਾ ਲੀਡਰ ਸੀ। ਪਰੰਤੂ ਕਮਿਊਨਿਸਟ ਲਹਿਰ ਅੰਦਰ ਕਈ ਗਲਤ ਗੱਲਾਂ ਦੇਖ ਕੇ ਵੀ ਕਮਿਊਨਿਸਟ ਏਕਤਾ ਦਾ ਇੱਛਕ ਸੀ। ਜਿੰਨਾ ਚਿਰ ਸੋਧਵਾਦ ਦੀ ਡਫਲੀ ਵਜਾਉਂਦਾ ਰਿਹਾ ਲੀਡਰ ਸੀ, ਜਿਸ ਦਿਨ ਡਫਲੀ ਵਜਾਉਣ ਤੋਂ ਇਨਕਾਰ ਕੀਤਾ ਤੇ ਸੋਧਵਾਦੀ ਪਾਰਟੀ ਨੂੰ ਛਡਿਆ ਉਸ ਦਿਨ ਗੱਦੀ ਗਈ। ਹੁਣ ਦਾਸ ਪਾਰਟੀ ਦਾ ਮੈਂਬਰ ਹੈ। ਇਸ ਲਈ ਸਿਧਾਂਤਕ ਟੱਕਰ ਨੂੰ ਗੱਦੀਆਂ ਦੀ ਜਾਂ ਗੁਟਬੰਦਕ ਟੱਕਰ ਕਹਿਣਾ ਅਗਿਆਨਤਾ ਹੈ।

ਇਸ ਦੇ ਨਾਲ ਹੀ ਕਮਿਊਨਿਸਟ ਕੌਮਾਂਤਰੀਵਾਦੀ ਹੁੰਦਾ ਹੈ। ਕੋਈ ਕਮਿਊਨਿਸਟ ਜਾਂ ਪਾਰਟੀ ਕੌਮਾਂਤਰੀ-ਵਾਦ ਦਾ ਝੰਡਾ ਆਪਣੇ ਹੱਥੋਂ ਸਿੱਟ ਕੇ ਕਮਿਊਨਿਸਟ ਨਹੀਂ ਅਖਵਾ ਸਕਦੀ। ਉਹ ਸਿਧਾਂਤਕ ਕੁਰਾਹਿਆਂ ਦਾ ਸ਼ਿਕਾਰ ਹੋ ਜਾਂਦੀ ਹੈ। ਇਸ ਗੱਲ ਦਾ ਸਬੂਤ ਸੀ. ਪੀ. ਆਈ. ਦੀ ਚੈਕੋਸਲਵਾਕੀਆ ਦੀਆਂ ਘਟਨਾਵਾਂ ਬਾਰੇ ਕੀਤੀ ਹੈ। ਉਹਦੀ ਕੌਮੀ ਕੌਂਸਲ ਵਿਚ ਡੂੰਘੇ ਮਤਭੇਦ ਸਨ, ਜਿਹੜੇ ਕਿ ਖੁਲ੍ਹੇ ਪ੍ਰੈਸ ਵਿਚ ਵੀ ਉਭਰ ਕੇ ਆਏ। ਪਾਰਟੀ ਉਹਨਾਂ ਘਟਨਾਵਾਂ ਬਾਰੇ ਕਈ ਮਹੀਨੇ ਆਪਣੀ ਕੋਈ ਰਾਇ ਹੀ ਨਹੀਂ ਬਣਾ ਸਕੀ। ਜਦੋਂ ਬੋਲੀ ਤਾਂ ਇਕ ਨਿਪੁੰਨਸਿਕ ਜਿਹਾ ਮਤਾ ਪਾਸ ਕੀਤਾ।

ਇਸ ਦੇ ਉਲਟ ਕਮਿਊਨਿਸਟ ਪਾਰਟੀ (ਮ) ਸੋਵੀਅਤ ਕਮਿਊਨਿਸਟ ਪਾਰਟੀ ਨਾਲ ਕਈ ਸਵਾਲਾਂ ਤੇ ਮਤਭੇਦ

ਹੁੰਦਿਆਂ ਵੀ ਡਟ ਕੇ ਸੋਸ਼ਲਿਸਟ ਭਾਈਚਾਰੇ ਦੀ ਰਾਖੀ ਲਈ ਖੜ੍ਹੋਤੀ।

ਕਮਿਊਨਿਸਟ ਪਾਰਟੀ (ਮ) ਤੋਂ ਨਕਸਲਵਾਦੀ ਸਾਥੀਆਂ ਦਾ ਅੱਡ ਹੋਣ ਦਾ ਸਵਾਲ ਵੀ ਕੋਈ ਗੁਟਬੰਦਕ ਨਹੀਂ ਸੀ। ਬਲਕਿ ਇਕ ਸਿਧਾਂਤਕ ਝੁਕਾਅ ਦਾ ਸਿੱਟਾ ਸੀ। ਇਹ ਝੁਕਾਅ ਗਲ਼ਤ ਹੋ ਸਕਦਾ ਹੈ, ਪਰ ਇਸ ਦੀ ਬੁਨਿਆਦ ਤੋਂ ਇਨਕਾਰ ਕਰਨਾ ਹਕੀਕਤਾਂ ਤੋਂ ਅੱਖਾਂ ਮੀਟਣਾ ਹੈ।

ਕਮਿਊਨਿਸਟ ਲਹਿਰ ਦੀ ਏਕਤਾ ਪਵਿੱਤਰ ਚੀਜ਼ ਹੈ, ਪਰ ਇਹ ਏਕਤਾ ਰੌਲੇ ਘਚੋਲੇ ਨਾਲ਼ ਨਹੀਂ, ਬਲਕਿ ਸਿਧਾਂਤਕ ਸਵਾਲਾਂ ਦੇ ਨਖੇੜੇ ਤੇ ਹਕੀਕਤਾਂ ਦੇ ਦਰੁਸਤ ਵਰਨਣ ਨਾਲ ਹੀ ਆ ਸਕਦੀ ਹੈ। ਇਸ ਲਈ ਹਕੀਕਤਾਂ ਤੇ ਸਿਧਾਂਤ ਦੀ ਡੂੰਘੀ ਖੋਜ ਤੇ ਵਿਆਖਿਆ ਦੀ ਲੋੜ ਹੈ। ਸੋ ਤੁਸੀਂ ਇਸ ਪਾਸੇ ਵਧ ਧਿਆਨ ਦਿਉ। ਤੁਹਾਡੇ ਯਤਨ ਤਾਂ ਹੀ ਸਫਲ ਹੋਣਗੇ। ਗਲਤ ਗੱਲਾਂ ਕਰਕੇ ਤੇ ਹਕੀਕਤਾਂ ਨੂੰ ਤੋੜ ਮਰੋੜ ਕੇ ਕੁਝ ਨਹੀਂ ਬਣ ਸਕੇਗਾ।

**ਨੋਟ—ਸੁਰਜੀਤ ਗਿੱਲ ਦੀ 'ਮੈਂ'**

ਕਾਕਾ ਧਾਲੀਵਾਲ ਨੂੰ ਦਾਸ ਦੀ 'ਮੈਂ' ਤੇ ਸਖਤ ਇਤਰਾਜ਼ ਹੈ। ਚੇਤਨ ਤੌਰ ਤੇ ਮੈਂ ਹਉਮੈਵਾਦ ਦੇ ਉਲਟ ਹਾਂ। ਪਰੰਤੂ ਜੇਕਰ ਅਚੇਤ ਤੌਰ ਤੇ ਵੀ ਇਸ ਦਾ ਪ੍ਰਗਟਾਵਾ ਹੋ ਗਿਆ ਹੈ ਤਾਂ ਨਿੰਦਣ ਯੋਗ ਹੈ। ਇਸ ਦੇ ਮਾਰਕਸੀ ਨਿਰਣੇ ਦੀ ਥਾਂ ਚੰਗਾ ਹੋਵੇ ਜੇਕਰ ਧਾਲੀਵਾਲ ਇਸ ਦਾ ਮਨੋਵਿਗਿਆਨੀ ਨਿਰਣਾ ਕਰ ਦੇਵੇ। ਦਾਸ ਨੂੰ ਇਸ ਤੇ ਵੀ ਕੋਈ ਇਤਰਾਜ਼ ਨਹੀਂ ਹੋਵੇਗਾ।

'ਗਿੱਲ'

o

## ਆਪਣੇ ਲੇਖ ਦੀ 'ਦੰਭੀ' ਵਕਾਲਤ (੨)

—ਪ੍ਰੋ. ਤਰਸੇਮ ਬਾਹੀਆ

ਗੁਰਸ਼ਰਨ ਸਿੰਘ ਹੁਰਾਂ ਨੇ ਸੀ. ਪੀ. ਆਈ. ਦੀ ਨੀਤੀ ਬਾਰੇ ਕੋਈ ਥੀਸਸ ਪੇਸ਼ ਨਹੀਂ ਸੀ ਕੀਤਾ—ਸਗੋਂ ਉਹਨਾਂ ਨੇ ਚਲਦੇ ਚਲਦੇ ਕੁਝ ਟਿੱਪਣੀਆਂ ਕੀਤੀਆਂ ਸਨ, ਜਿਨ੍ਹਾਂ ਵਿਚੋਂ ਕੁਝ ਨੁਕਤੇ ਉਭਰ ਕੇ ਸਾਡੇ ਸਾਹਮਣੇ ਆਏ ਸਨ—ਮੈਂ ਕੇਵਲ ਉਹਨਾਂ ਨੁਕਤਿਆਂ ਬਾਰੇ ਹੀ ਆਪਣੀ ਰਾਏ ਪ੍ਰਗਟ ਕੀਤੀ ਸੀ—ਮੇਰੇ ਪਿਆਰੇ ਮਿੱਤਰ ਸੁਰਜੀਤ ਗਿੱਲ ਨੇ ਕੁਝ ਨਵੇਂ ਨੁਕਤੇ ਵੀ ਉਠਾਏ ਹਨ ਅਤੇ ਬਹਿਸ ਨੂੰ ਗਾਲ੍ਹੀ-ਗਲੋਚ ਵਾਲਾ ਇਨਕਲਾਬੀ ਰੰਗ ਵੀ ਦੇ ਦਿੱਤਾ ਹੈ। ਪਰ ਹਾਲ ਦੀ ਘੜੀ ਮੈਂ ਬਹਿਸ ਨੂੰ ਉਹਨਾਂ ਨੁਕਤਿਆਂ ਤਕ ਹੀ ਸੀਮਤ ਕਰਨਾ ਚਾਹਵਾਂਗਾ, ਤਾਂ ਕਿ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਸਕੇ। ਉਸ ਤੋਂ ਬਾਅਦ ਹੀ ਨਵੇਂ ਨੁਕਤਿਆਂ ਬਾਰੇ ਚਰਚਾ ਸ਼ੁਰੂ ਕਰਨਾ ਚਾਹਵਾਂਗਾ।

ਪਹਿਲਾ ਨੁਕਤਾ ਗੁਰਸ਼ਰਨ ਹੁਰਾਂ ਦਾ ਇਹ ਸੀ ਕਿ ਸੀ ਪੀ. ਆਈ. ਨੂੰ ਪਹਿਲਾਂ ਇਹ ਭੁਲੇਖਾ ਸੀ ਕਿ ਕਾਂਗਰਸ ਹੱਥੋਂ ਸਮਾਜਵਾਦ ਆ ਸਕਦਾ ਹੈ। ਮੈਂ ਇਸ ਗੱਲ ਦਾ ਸੀ. ਪੀ. ਆਈ. ਦੀਆਂ ਦਸਤਾਵੇਜ਼ਾਂ ਦੇ ਆਧਾਰ ਤੇ ਖੰਡਨ ਕੀਤਾ ਸੀ ਅਤੇ ਸਪੱਸ਼ਟ ਕੀਤਾ ਸੀ ਕਿ ਸੀ. ਪੀ. ਆਈ. ਨੇ ਚੋਣਾਂ ਵਿਚ ਕਾਂਗਰਸ ਦੀ ਮੱਦਦ ਇਸ ਭੁਲੇਖੇ ਕਾਰਨ ਨਹੀਂ ਸੀ ਕੀਤੀ, ਸਗੋਂ ਸੱਜ-ਪਿਛਾਖੜ ਦੀਆਂ ਫਾਸ਼ੀ ਤਾਕਤਾਂ ਦੀ ਗੱਦੀ ਹੜੱਪ ਕਰਨ ਦੀ ਚਾਲ ਨੂੰ ਪਿਛਾੜਨ ਲਈ ਕੀਤੀ ਸੀ। ਗੁਰਸ਼ਰਨ ਹੁਰਾਂ ਨੇ ਮੇਰੇ ਖਤ ਨੂੰ ਚੈਲਿੰਜ ਨਹੀਂ ਕੀਤਾ, ਪਰ ਉਹਨਾਂ ਨੇ ਇਕ ਨਵੀਂ ਗੱਲ ਆਖੀ ਹੈ ਕਿ ਸੀ. ਪੀ. ਆਈ. C. P. (M) ਤੇ ਸ਼ੋਸ਼ਲਿਸਟ ਪਾਰਟੀ ਨਾਲੋਂ "ਕਾਂਗਰਸ ਨੂੰ ਵਧ ਸਮਾਜਵਾਦੀ ਗਰਦਾਨਦੀ ਰਹੀ ਹੈ।" ਉਹਨਾਂ ਨੂੰ ਇਹ ਵੀ ਗਿਲਾ ਹੈ ਕਿ ਸੀ. ਪੀ. ਆਈ. ਨੇ ਇਹਨਾਂ ਦੇ ਵਿਰੁੱਧ ਕਾਂਗਰਸ ਨਾਲ ਸਮਝੌਤਾ ਕੀਤਾ।

ਏਸ ਬਾਰੇ ਮੈਂ ਦੋ ਗੱਲਾਂ ਆਖਣੀਆਂ ਨੇ—ਪਹਿਲੀ ਇਹ ਕਿ ਗੁਰਸ਼ਰਨ ਸਿੰਘ ਜੀ ਮਿਹਰਬਾਨੀ ਕਰਕੇ ਸੀ. ਪੀ. ਆਈ. ਦੀ ਕਿਸੇ ਵੀ ਦਸਤਾਵੇਜ਼ 'ਚੋਂ ਹਵਾਲਾ ਦੇ ਕੇ ਇਸ ਦਾ ਸਬੂਤ ਦੇਣ ਕਿ ਸੀ. ਪੀ. ਆਈ. ਕਾਂਗਰਸ ਨੂੰ C. P. (M) ਅਤੇ ਸੋਸ਼ਲਿਸਟ ਪਾਰਟੀ ਨਾਲੋਂ ਵਧ ਸਮਾਜਵਾਦੀ ਗਰਦਾਨਦੀ ਰਹੀ ਹੈ। ਦੂਸਰੀ ਗੱਲ ਇਹ ਹੈ ਕਿ ਸੀ. ਪੀ ਆਈ. ਨੇ ਇਹਨਾਂ ਵਿਰੁਧ ਕਾਂਗਰਸ ਨਾਲ ਸਮਝੌਤਾ ਨਹੀਂ ਕੀਤਾ। ਉਸਦਾ ਦੋਵਾਂ ਵਿਚ ਨਿਸ਼ਾਨਾ ਸੀ ਸੱਜ-ਪਿਛਾਖੜ ਦੀਆਂ ਕਾਲੀਆਂ ਤਾਕਤਾਂ ਨੂੰ ਹਰਾਉਣਾ। ਇਸ ਮੰਤਵ ਲਈ ਉਸਨੇ ਸਾਰੀਆਂ ਖੱਬੀਆਂ ਅਤੇ ਜਮਹੂਰੀ ਪਾਰਟੀਆਂ, ਸਮੇਤ C.P. (M) ਅਤੇ ਸੋਸ਼ਲਿਸਟ ਪਾਰਟੀ ਦੇ, ਨੂੰ ਏਕੇ ਦਾ ਸੱਦਾ ਦਿਤਾ। ਪਰ ਸੋਸ਼ਲਿਸਟ ਪਾਰਟੀ ਇਸ ਮੋਰਚੇ 'ਚ ਆਉਣ ਦੀ ਬਜਾਏ ਸੱਜ-ਪਿਛਾਖੜ ਦੇ ਮੋਰਚੇ ਵਿਚ ਜਾ ਸ਼ਾਮਲ ਹੋਈ ਅਤੇ ਉਸਨੇ ਜਨਸੰਘ, ਸੁਤੰਤ੍ਰ ਅਤੇ ਸਿੰਡੀਕੇਟ ਨਾਲ ਮਿਲ ਕੇ ਚੋਣਾਂ ਲੜੀਆਂ। ਮਾਰਕਸੀ ਪਾਰਟੀ ਨੇ ਵੀ ਸੱਜ-ਪਿਛਾਖੜ ਦੇ ਵਿਰੁਧ ਇਸ ਮੋਰਚੇ ਵਿਚ ਸ਼ਾਮਲ

ਹੋਣ ਤੋਂ ਇਨਕਾਰ ਕੀਤਾ, ਉਹ ਸਿੱਧੇ ਤੌਰ ਤੇ ਸੱਜ-ਪਿਛਾਕੜ ਦੇ ਮੋਰਚੇ ਵਿਚ ਸ਼ਾਮਲ ਤਾਂ ਨਾ ਹੋਈ ਪਰ ਉਸ ਨੇ ਸੱਜ-ਪਿਛਾਖੜ ਦੀਆਂ ਪਾਰਟੀਆਂ ਨਾਲ ਨਜਾਇਜ਼ ਤਲਕਾਤ ਪੈਦਾ ਕੀਤੇ ਅਤੇ ਅਸਿੱਧੇ ਢੰਗ ਨਾਲ ਇਨ੍ਹਾਂ ਦੀ ਸਹਾਇਤਾ ਕੀਤੀ।

ਪੰਜਾਬ ਵਿਚ ਇਸ ਪਾਰਟੀ ਨੇ ਅਕਾਲੀਆਂ ਵਰਗੀ ਜਗੀਰੂ ਪਾਰਟੀ ਦੇ ਮੁਕਾਬਲੇ ਵਿਚ ਸੀ. ਪੀ. ਆਈ. ਦੇ ਬੰਦੇ ਹਰਾਉਣ ਲਈ ਕਈ ਥਾਵੀਂ 'ਅੜਿੱਕਾ ਸਿੰਘ' ਉਮੀਦਵਾਰ ਖੜੇ ਕੀਤੇ, ਬਾਕੀ ਥਾਵੀਂ ਆਪਣਾ ਇਨਕਲਾਬੀ ਝੰਡਾ ਉਹਨਾਂ ਨੂੰ ਵਰਤਣ ਦਿਤਾ। ਇਸ ਪਾਰਟੀ ਦਾ ਪੰਜਾਬ ਵਿਧਾਨ ਸਭਾ ਵਿਚ ਇਕੋ ਇਕ ਮੈਂਬਰ "ਗੁਰੂਆਂ ਦੀ ਕ੍ਰਿਪਾ" ਨਾਲ ਹੀ ਅਸੈਂਬਲੀ ਵਿਚ ਦਾਖਲ ਹੋਇਆ ਹੈ। ਕੇਰਲਾ ਵਿਚ ਅਜ ਜੁ ਸਿੰਡੀਕੇਟ ਦੇ ਕੁਝ ਐਮ. ਐਲ. ਏਜ਼. ਹਨ ਉਹ ਮਾਰਕਸੀ ਪਾਰਟੀ ਦੇ ਮੋਢੀਂ ਚੜ੍ਹਕੇ ਹੀ ਅਸੈਂਬਲੀ 'ਚ ਦਾਖਲ ਹੋਏ ਹਨ। ਗੁਰਸ਼ਰਨ ਸਿੰਘ ਜੀ! ਕੀ ਇਸਦਾ ਅਰਥ ਵੀ ਤੁਸੀਂ ਇਹ ਕਢੋਗੇ ਕਿ C. P. (M) ਅਕਾਲੀਆਂ ਅਤੇ ਸਿੰਡੀਕੇਟੀਆਂ ਨੂੰ ਸੀ. ਪੀ. ਆਈ. ਤੇ ਕਾਂਗਰਸ ਨਾਲੋਂ ਵਧ ਸਮਾਜਵਾਦੀ ਗਰਦਾਨਦੀ ਹੈ?

ਚੋਣਾਂ ਸੰਬੰਧੀ ਸੁਰਜੀਤ ਗਿੱਲ ਲਿਖਦੇ ਹਨ ਕਿ ਸੀ. ਪੀ. ਆਈ. ਨੇ ਕਾਂਗਰਸ ਦੇ 'ਗਰੀਬੀ ਹਟਾਓ' ਨਾਹਰੇ ਦੀ ਪੂਰਨ ਹਮਾਇਤ ਕੀਤੀ...ਉਹਨਾਂ ਲੋਕਾਂ ਕੋਲ ਇਹ ਵੀ ਅਖਿਆ ਕਿ ਇੰਦਰਾ ਨੇ ਉਹਨਾਂ ਨਾਲ ਗਰੀਬੀ ਹਟਾਉਣ ਦਾ ਵਾਅਦਾ ਕੀਤਾ ਹੈ। ਉਹ ਗਰੀਬੀ ਹਟਾਏਗੀ।" ਗਿੱਲ ਹੁਰਾਂ ਨੂੰ ਆਪਣੇ ਗਿਆਨ ਉਤੇ ਬੜਾ ਮਾਨ ਹੈ। ਕੀ ਉਹ ਕ੍ਰਿਪਾ ਕਰਕੇ ਅਜਿਹੀਆਂ ਸਤਰਾਂ ਸੀ. ਪੀ. ਆਈ. ਦੀ ਕਿਸੇ ਦਸਤਾਵੇਜ਼ ਵਿਚੋਂ ਪੇਸ਼ ਕਰਕੇ ਅਤੇ ਆਪਣੇ ਕਥਨ ਦਾ ਸਬੂਤ ਦੇ ਕੇ ਮੇਰੇ ਨਿਗੂਣੇ ਗਿਆਨ ਵਿਚ-ਵਾਧਾ ਕਰਨਗੇ? ਨਹੀਂ ਤਾਂ ਇਸ ਗਲ ਦਾ ਨਿਰਨਾ ਪਾਠਕ ਆਪ ਹੀ ਕਰ ਲੈਣਗੇ ਕਿ ਝੂਠ ਕੌਣ ਬੋਲਦਾ ਹੈ ਅਤੇ ਸੱਚ ਕੌਣ?

ਗੁਰਸ਼ਰਨ ਸਿੰਘ ਜੀ ਦੀਆਂ ਗੱਲਾਂ ਵਿਚੋਂ ਦੂਜਾ ਨੁਕਤਾ ਇਹ ਨਿਕਲਦਾ ਸੀ ਕਿ ਸੀ. ਪੀ. ਆਈ. ਦੀ ਨੀਤੀ ਇਸ ਸਰਕਾਰ ਨਾਲ ਕੇਵਲ ਮਿਲਵਰਤਨ ਦੀ ਨੀਤੀ ਹੈ। ਮੈਂ ਆਪਣੀ ਰਾਏ ਪ੍ਰਗਟ ਕੀਤੀ ਸੀ ਕਿ ਸੀ. ਪੀ. ਆਈ. ਦੀ ਨੀਤੀ ਕੇਵਲ ਮਿਲਵਰਤਨ ਦੀ ਨਹੀਂ ਸਗੋਂ ਏਕਤਾ ਅਤੇ ਘੋਲ ਦੀ ਨੀਤੀ ਹੈ। ਸਰਕਾਰ ਦੇ ਸਾਮਰਾਜੀਆਂ, ਇਜਾਰੇਦਾਰਾਂ ਤੇ ਜਾਗੀਰਦਾਰਾਂ ਵਿਰੁੱਧ ਕਦਮਾਂ ਨਾਲ ਏਕਤਾ ਅਤੇ ਲੋਕ-ਵਿਰੋਧੀ ਨੀਤੀਆਂ ਵਿਰੁਧ ਘੋਲ। ਗੁਰਸ਼ਰਨ ਜੀ ਨੇ ਮੇਰੀ ਇਹ ਗੱਲ ਤਾਂ ਸਵੀਕਾਰ ਕਰ ਲਈ ਹੈ ਕਿ ਸੀ. ਪੀ. ਆਈ. ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਵਿਰੁਧ ਘੋਲ ਕਰਦੀ ਹੈ ਪਰ ਉਹਨਾਂ ਦੀ ਰਾਏ ਹੈ ਕਿ "ਕਾਂਗਰਸ ਨਾਲ ਸਮਝੌਤਾ ਕਰਕੇ ਕੋਈ ਵੀ ਸੰਘਰਸ਼ ਚਲਾਉਣਾ ਇਕ ਆਪਾ ਵਿਰੋਧੀ ਕਰਮ ਹੈ", ਇਹ ਘੋਲ ਕੇਵਲ "ਤਮਾਸ਼ਾ" ਹੈ "ਸ੍ਵੈ ਧੋਖਾ" ਹੈ। ਹਰਬੰਸ ਜਿਉਂਦ ਨੂੰ ਇਹ ਘੋਲ ਤੇ ਏਕਤਾ ਦੀ ਨੀਤੀ ਦੋਗਲੀ ਨਜ਼ਰ ਆਈ ਹੈ।

ਇਹਨਾਂ ਦੋਸਤਾਂ ਦੀ ਗੱਲ ਦਾ ਅਰਥ ਇਹ ਨਿਕਲਦਾ ਹੈ ਕਿ ਜਾਂ ਤਾਂ ਸੀ. ਪੀ. ਆਈ. ਸੱਜ-ਪਿਛਾਖੜ ਤੇ ਸਾਮਰਾਜੀਆਂ ਵਿਰੁਧ ਕਾਂਗਰਸ ਨਾਲ ਮਿਲਵਰਤਨ ਨਾ ਕਰੇ ਤੇ ਜਾਂ ਫਿਰ ਉਸ ਵਿਰੁੱਧ ਘੋਲ ਨਾ ਕਰੇ। ਸ਼ਾਇਦ ਸ: ਗੁਰਸ਼ਰਨ ਸਿੰਘ ਤੇ ਜਿਉਂਦ ਇਹ ਜਾਣਕੇ ਹੈਰਾਨ ਹੋਣਗੇ ਕਿ ਬਿਲਕੁਲ ਅਜਿਹੇ ਹੀ ਜਜ਼ਬਾਤ ਦਾ ਇਜ਼ਹਾਰ ਜਨਸੰਘ ਨੇਤਾ ਬਾਜਪਾਈ ਤੇ ਹੋਰ ਸੱਜ-ਪਿਛਾਖੜੀਏ ਕਰਦੇ ਹਨ। ਲੁਧਿਆਣੇ ਵਿਚ ਬਾਜਪਾਈ ਸਾਹਿਬ ਨੇ ਵੀ ਸ਼ਿਕਵਾ ਕੀਤਾ ਸੀ ਕਿ ਸੀ. ਪੀ. ਆਈ. ਦੀ ਨੀਤੀ ਦੋਗਲੀ ਹੈ ਕਿਉਂਕਿ ਇਹ ਅਸੈਂਬਲੀਆਂ ਤੇ ਪਾਰਲੀਮੈਂਟ ਵਿਚ ਕਾਂਗਰਸ ਦੀ ਸਹਾਇਤਾ ਕਰਦੀ ਹੈ ਅਤੇ ਬਾਹਰ ਇਸ ਵਿਰੁੱਧ ਲੋਕ-ਲਹਿਰਾਂ ਜਥੇਬੰਦ ਕਰਦੀ ਹੈ। ਬਾਜਪਾਈ ਸਾਹਿਬ ਤਾਂ ਇਹ ਚਾਹੁੰਦੇ ਹਨ ਕਿ ਜਾਂ ਤਾਂ ਸੀ. ਪੀ. ਆਈ. ਕਾਂਗਰਸ ਵਿਰੁੱਧ ਕੇਵਲ ਘੋਲ ਹੀ ਕਰੇ ਤਾਂ ਜੁ ਸੱਜ-ਪਿਛਾਖੜ ਵਿਰੁਧ ਏਕਤਾ ਵਿਚ ਫੁੱਟ ਪੈ ਜਾਵੇ ਤੇ ਜਾਂ ਫਿਰ ਸੀ. ਪੀ. ਆਈ., ਮਜ਼ਦੂਰ ਜਮਾਤ ਦੀ ਪਾਰਟੀ, ਘੋਲ ਦੀ ਨੀਤੀ ਛੱਡ ਕੇ ਆਪਣੀ ਆਜ਼ਾਦ ਹਸਤੀ ਗੁਆ ਕੇ ਸਰਮਾਏਦਾਰ ਪਾਰਟੀ ਦੀ ਪੂਛ ਬਣ ਜਾਵੇ। ਦੋਵੇਂ ਪਾਸੇ ਉਹਨਾਂ ਦੇ ਹੱਥ ਵਿਚ ਲੱਡੂ ਹਨ। ਇਹੋ ਘੋਲ ਅਤੇ ਏਕਤਾ ਦੀ ਨੀਤੀ ਇਸੇ ਲਈ ਉਹਨਾਂ ਨੂੰ ਚੁਭਦੀ ਹੈ। ਇਸ ਲਈ ਗੁਰਸ਼ਰਨ ਸਿੰਘ ਤੇ ਜਿਉਂਦ **ਅਨਜਾਣੇ ਹੀ** ਇਹ ਘੋਲ ਤੇ ਏਕਤਾ ਦੀ ਨੀਤੀ ਨੂੰ ਦੋਗਲੀ ਆਖ ਕੇ ਬਾਜਪਾਈ ਅਤੇ ਉਸਦੇ ਸਾਥੀਆਂ ਦੀਆਂ ਸਫਾਂ ਵਿਚ ਜਾ ਖੜਦੇ ਹਨ।

ਇਹਨਾਂ ਘੋਲਾਂ ਬਾਰੇ ਸੁਰਜੀਤ ਗਿੱਲ ਸਾਹਿਬ ਲਿਖਦੇ ਹਨ ਕਿ ਸੀ. ਪੀ. ਆਈ. ਮਹਿੰਗਾਈ ਅਤੇ ਬੇ-ਰੁਜ਼ਗਾਰੀ ਦੀ ਗੱਲ ਕਰਨ ਵੇਲੇ ਕਿਤੇ ਵੀ ਇਸ ਗਲ ਦੀ ਜ਼ੁਮੇਵਾਰੀ ਸਰਕਾਰ ਸਿਰ ਨਹੀਂ ਸਿਟਦੀ ਬਲਕਿ ਅਜਾਰੇਦਾਰਾਂ ਅਤੇ ਬਲੈਕ-ਮਾਰਕੀਟੀਆਂ ਦੀ ਗੱਲ ਕਰਦੀ ਹੈ"।

ਉਹਨਾਂ ਦੇ ਸਰਕਾਰ ਨੂੰ ਬਰੀ ਕਰਨ ਦੇ ਦੋਸ਼ ਦਾ ਜਵਾਬ ਮੈਂ ਸੀ. ਪੀ. ਆਈ. ਦੀ ਕੌਮੀ ਕੌਂਸਲ ਵਲੋਂ ਕੀਮਤਾਂ, ਇਜਾਰੇਦਾਰੀਆਂ ਅਤੇ ਸਰਕਾਰੀ ਨੀਤੀਆਂ ਬਾਰੇ ਮਤੇ ਵਿਚੋਂ ਟੂਕ ਲੈ ਕੇ ਦੇਣਾ ਚਾਹਵਾਂਗਾ। ਕੀਮਤਾਂ ਵਿਚ ਵਾਧੇ ਦਾ ਜ਼ਿਕਰ ਕਰਦੇ ਹੋਏ ਮਤੇ ਵਿਚ ਦਰਜ ਹੈ "ਲੋਕਾਂ ਦੀ ਭੁੱਖ ਮਰੀ ਅਤੇ ਕੀਮਤਾਂ ਵਿਚ ਵਾਧਾ ਵਡੇ ਇਜਾਰੇਦਾਰਾਂ, ਬੈਂਕਰਾਂ, ਨੌਕਰਸ਼ਾਹਾਂ ਅਤੇ ਸੂਬਿਆਂ ਤੇ ਕੇਂਦਰ ਦੀਆਂ ਸਰਕਾਰਾਂ ਦੀ ਲੀਡਰ-ਸ਼ਿਪ ਵਿਚਕਾਰ ਨਾਪਾਕ ਗੰਢ-ਜੋੜ ਦਾ ਸਿੱਟਾ ਹੈ"। ਪਰ ਇਕ ਗੱਲ ਮੈਂ ਸੁਰਜੀਤ ਜੀ ਨੂੰ ਪੁੱਛਣਾ ਵੀ ਚਾਹਵਾਂਗਾ ਕਿ ਉਹਨਾਂ ਨੂੰ ਇਜਾਰੇਦਾਰਾਂ ਤੇ ਬਲੈਕ-ਮਾਰਕੀਟੀਆਂ ਦਾ ਐਨਾ ਹੇਜ ਕਿਉਂ ਹੈ, ਉਹਨਾਂ ਨੂੰ ਇਤਰਾਜ਼ ਹੈ ਕਿ ਸੀ. ਪੀ. ਆਈ. ਇਹਨਾਂ ਦੀ ਗੱਲ ਕਰਦੀ ਹੈ ? ਕੀ ਮੌਜੂਦਾ ਸੰਕਟ ਤੋਂ ਸੀ. ਪੀ. (ਮ) ਅਜਾਰੇਦਾਰਾਂ ਤੇ ਬਲੈਕੀਆਂ ਨੂੰ ਬਰੀ ਸਮਝਦੀ ਹੈ ? ਅਤੇ ਕੀ ਉਹ ਕਿਸੇ ਲਈ ਸੱਜ-ਪਿਛਾਖੜ ਵਿਰੁੱਧ ਮੂੰਹ ਨਹੀਂ ਖੋਲ੍ਹਦੀ ਜੁ ਉਸਦੇ ਸ਼ਬਦਾਂ ਵਿਚ ਹੀ ਅਜਾਰੇਦਾਰਾਂ ਤੇ ਹੋਰ ਵਿਸ਼ੇਸ਼ ਹਿੱਤਾਂ ਦੇ ਸਭ ਤੋਂ ਫਰੈਂਕ ਪ੍ਰਤੀਨਿਧ ਹਨ।

ਸੁਰਜੀਤ ਹੁਰਾਂ ਨੇ ਇਕ ਹੋਰ ਇਤਰਾਜ਼ ਕੀਤਾ ਹੈ ਕਿ ਮਹਿੰਗਾਈ ਦੇ ਸਵਾਲ ਤੇ ਸੀ. ਪੀ. ਆਈ. ਨੇ "ਸਮੁੱਚੀ ਵਿਰੋਧੀ ਧਿਰ" ਨਾਲ ਵਾਕ ਆਊਟ ਨਹੀਂ ਕੀਤਾ। ਮੇਰੀ ਬੇਨਤੀ ਹੈ ਕਿ ਸਮੁੱਚੀ ਵਿਰੋਧੀ ਧਿਰ ਦਾ ਸੰਕਲਪ ਬਿਲਕੁਲ ਗੈਰ-ਮਾਰਕਸਵਾਦੀ ਹੈ। ਵਿਰੋਧੀ ਜਮਾਤਾਂ ਦਾ ਸੰਕਲਪ ਤਾਂ ਹੁੰਦਾ ਹੈ, ਵਿਰੋਧੀ ਧਿਰ ਜਾਂ ਪਾਰਟੀਆਂ ਦਾ ਕੀ ਮਤਲਬ ? ਜਨਸੰਘ, ਸੁਤੰਤਰ, ਸਿੰਡੀਕੇਟ ਕਿਹੜੀਆਂ ਜਮਾਤਾਂ ਦੀ ਨੁਮਾਇੰਦਗੀ ਕਰਦੀਆਂ ਹਨ ? ਕੀ ਇਹ ਉਹਨਾਂ ਜਮਾਤਾਂ ਅਤੇ ਨੀਤੀਆਂ ਦੀਆਂ ਵਿਰੋਧੀ ਹਨ ਜੁ ਮਹਿੰਗਾਈ ਲਈ ਜ਼ਿੰਮੇਵਾਰ ਹਨ। ਇਹਨਾਂ ਨਾਲ ਸਾਡੀ ਕਿਹੜੀ ਗੱਲ ਸਾਂਝੀ ਹੈ ? ਮਹਿੰਗਾਈ ਦੂਰ ਕਰਨ ਲਈ ਅਸੀਂ ਸਾਰੀਆਂ ਜ਼ਰੂਰੀ ਵਸਤਾਂ ਦੀ ਪੈਦਾਵਾਰ ਅਤੇ ਵੰਡ ਉਤੇ ਸਰਕਾਰੀ ਕੰਟਰੋਲ ਦੀ ਮੰਗ ਕਰਦੇ ਹਾਂ। ਇਹ ਇਸ ਦੀ ਵਿਰੋਧਤਾ ਕਰਦੀਆਂ ਹਨ। ਕਣਕ ਦੇ ਵਪਾਰ ਦਾ ਸਰਕਾਰੀਕਰਨ, ਜੁ ਮਹਿੰਗਾਈ ਰੋਕਣ ਵਲ ਇਕ ਕਦਮ ਸੀ, ਇਹਨਾਂ ਨੇ ਕਾਂਗਰਸ ਅੰਦਰਲੇ ਸੱਜ-ਪਿਛਾਖੜ ਅਤੇ ਨੌਕਰਸ਼ਾਹਾਂ ਨਾਲ ਮਿਲ ਕੇ ਸਾਬੋਤਾਜ ਕੀਤਾ। ਮੌਜੂਦਾ ਆਰਥਕ ਸੰਕਟ ਨੂੰ ਦੂਰ ਕਰਨ ਲਈ ਅਸੀਂ ਇਜਾਰੇਦਾਰੀਆਂ ਦਾ ਕੌਮੀਕਰਨ, ਭੂਮੀ ਸੁਧਾਰ ਲਾਗੂ ਕਰਨ ਤੇ ਸਾਮਰਾਜੀ ਹਿੱਤਾਂ ਨੂੰ ਕੌਮੀ ਕਰਨ ਦੀ ਮੰਗ ਕਰਦੇ ਹਾਂ। ਇਹ ਇਹਨਾਂ ਕਦਮਾਂ ਦੀ ਡਟ ਕੇ ਵਿਰੋਧਤਾ ਕਰਦੀਆਂ ਹਨ। ਫਿਰ ਇਹਨਾਂ ਨਾਲ ਮਿਲ ਕੇ ਵਾਕ ਆਊਟ ਕਰਨ ਦਾ ਕੀ ਅਰਥ ? ਕੀ ਇਨ੍ਹਾਂ ਨਾਲ ਮਿਲਕੇ ਲੋਕਾਂ ਸਾਹਮਣੇ ਮਹਿੰਗਾਈ ਤੇ ਹੋਰ ਸੰਕਟ ਦੀਆਂ ਜ਼ਿਮੇਵਾਰ ਜਮਾਤਾਂ ਅਤੇ ਸ਼ਕਤੀਆਂ ਦਾ ਕਾਲਾ ਚਿਹਰਾ ਨੰਗਾ ਕੀਤਾ ਜਾਂ ਸਕੇਗਾ ? ਕੀ ਇਸ ਨਾਲ ਲੋਕਾਂ ਵਿਚ ਜਮਾਤੀ ਸੂਝ ਤੀਖਣ ਹੋਵੇਗੀ ਅਤੇ ਕੀ ਲੋਕਾਂ ਨੂੰ ਉਹਨਾਂ ਜਮਾਤਾਂ ਅਤੇ ਨੀਤੀਆਂ ਵਿਰੁਧ ਲਾਮਬੰਦ ਕੀਤਾ ਜਾ ਸਕਦਾ ਹੈ ਜੁ ਮੌਜੂਦਾ ਸੰਕਟ ਲਈ ਜ਼ਿਮੇਂਵਾਰ ਹਨ ? ਕਦਾਚਿੱਤ ਨਹੀਂ। ਇਸ ਲਈ ਇਹਨਾਂ ਨਾਲ ਮਿਲ ਕੇ ਵਾਕ ਆਊਟ ਦਾ ਇਨਕਲਾਬੀ ਕਾਰਨਾਮਾ ਸੁਰਜੀਤ ਗਿੱਲ ਦੀ ਪਾਰਟੀ ਨੂੰ ਹੀ ਸ਼ੋਭਦਾ ਹੈ। ਵੈਸੇ ਇਕ ਗੱਲ ਮੈਂ ਮੰਨਦਾ ਹਾਂ ਕਿ ਸੀ.ਪੀ. (ਮ) ਕਾਂਗਰਸ ਵਿਰੁਧ ਇਹਨਾਂ ਨਾਲ ਏਕਤਾ ਕਾਇਮ ਰੱਖਣ ਲਈ ਐਨੀ ਸੁਹਿਰਦ ਹੈ ਕਿ ਇਸ ਦੇ ਪਾਰਲੀਮੈਂਟ ਮੈਂਬਰਾਂ ਨੇ ਸਿੰਡੀਕੇਟ ਆਗੂ ਮਿਸ਼ਰਾ ਦੇ ਮਸ਼ਵਰੇ ਉਤੇ ਕਾਂਗਰਸ ਵਿਰੁਧ ਆਪਣਾ ਬੇ-ਵਿਸ਼ਵਾਸੀ ਦਾ ਮਤਾ ਵੀ ਵਾਪਸ ਲੈ ਲਿਆ।

ਗੁਰਸ਼ਰਨ ਸਿੰਘ ਜੀ ਦੀ ਏਸ ਗੱਲ ਨਾਲ ਵੀ ਮੈਂ ਅਸਹਿਮਤੀ ਪ੍ਰਗਟ ਕੀਤੀ ਸੀ ਕਿ ਕਾਂਗਰਸ ਪਾਰਟੀ ਦੀ ਨੀਤੀ **ਕੇਵਲ ਇਜਾਰੇਦਾਰ ਪੱਖੀ** ਨੀਤੀ ਹੈ। ਜਿਉਂਦ ਨੇ ਕਾਂਗਰਸ ਨੂੰ ਜਗੀਰਦਾਰ ਪੱਖੀ ਅਤੇ ਸਾਮਰਾਜ ਪੱਖੀ ਵੀ ਆਖਿਆ ਹੈ। ਸੀ.ਪੀ.ਆਈ. ਦੀ ਰਾਏ ਹੈ ਕਿ ਕਾਂਗਰਸ **ਕੇਵਲ** ਇਜਾਰੇਦਾਰਾਂ ਦੀ ਪਾਰਟੀ ਨਹੀਂ, ਸਗੋਂ ਇਹ ਭਾਰਤ ਦੀ ਸਮੁੱਚੀ ਸਰਮਾਏਦਾਰੀ ਦੀ ਪਾਰਟੀ ਹੈ, ਜਿਸ ਵਿਚ ਗੈਰ-ਇਜਾਰੇਦਾਰ ਅਤੇ ਇਜਾਰੇਦਾਰ ਤਬਕੇ ਦੋਵੇਂ ਹਨ। ਇਹ ਸਾਮਰਾਜ, ਇਜਾਰੇਦਾਰੀ ਅਤੇ ਜਾਗੀਰਦਾਰਾਂ ਵਿਰੁੱਧ ਕਦਮ ਵੀ ਚੁਕਦੀ ਹੈ ਅਤੇ ਉਹਨਾਂ ਨਾਲ ਸਮਝੌਤੇ ਵੀ ਕਰਦੀ ਹੈ। ਇਸ ਦੀ Dual Nature ਹੈ ਅਤੇ ਇਸੇ ਲਈ ਇਸ ਵਲ ਏਕਤਾ ਤੇ ਘੋਲ ਦੀ ਨੀਤੀ ਦਰੁਸਤ ਹੈ। ਇਹ ਨੁਕਤਾ ਨਿਤਾਰਨ ਲਈ ਸਾਡੇ ਵਿਰੁਧ ਰਾਏ ਰੱਖਣ ਵਾਲੇ ਸਾਥੀ ਸਪੱਸ਼ਟ ਕਰਨ ਕਿ ਕੀ ਭਾਰਤੀ ਸਰਕਾਰ ਵਲੋਂ ਬੰਗਲਾ ਦੇਸ਼ ਦੇ ਮੁਕਤੀ ਘੋਲ ਨੂੰ ਦਿੱਤੀ ਗਈ ਸਹਾਇਤਾ ਇਕੇ ਸਾਮਰਾਜ-ਵਿਰੋਧੀ ਕਾਰਵਾਈ ਸੀ ਜਾਂ ਨਹੀਂ ? ਭਾਰਤ ਸਰਕਾਰ ਵਲੋਂ ਹੈਨੋਈ ਵਿਚ ਆਪਣੀ ਰਾਜਦੂਤਕ ਨੁਮਾਇੰਦਗੀ ਦਾ ਪੱਧਰ ਉੱਚਾ ਕਰਨਾ ਅਤੇ ਉੱਤਰੀ ਵੀਅਤਨਾਮੀ ਸਰਕਾਰ ਨਾਲ ਡੂੰਘੇ ਸੰਬੰਧ ਕਾਇਮ ਕਰਨੇ ਸਾਮਰਾਜ ਵਿਰੋਧੀ

ਕਾਰਵਾਈ ਸੀ ਜਾਂ ਨਹੀਂ ? ਜੇ ਨਹੀਂ ਤਾਂ ਇਹਨਾਂ ਮਸਲਿਆਂ ਉਤੇ ਨਿਕਸਨ ਦੇ ਲਾਲ-ਪੀਲਾ ਹੋਣ ਦੀ ਉਹ ਕਿਵੇਂ ਵਿਆਖਿਆ ਕਰਦੇ ਹਨ ? ਕੀ ਅਫਰੀਕੀ ਮੁਕਤੀ ਲਹਿਰਾਂ ਨੂੰ ਭਾਰਤੀ ਹਮਾਇਤ ਇਕ ਸਾਮਰਾਜ-ਵਿਰੋਧੀ ਕਦਮ ਹੈ ਜਾਂ ਨਹੀਂ ? ਕੀ ਬੈਂਕਾਂ, ਕੋਲੇ ਦੀਆਂ ਖਾਨਾਂ, **IISCO** ਮੈਨੇਜਮੈਂਟ ਅਤੇ ਕਣਕ ਦੇ ਵਪਾਰ ਦਾ ਸਰਕਾਰੀਕਰਨ ਇਜਾਰੇਦਾਰ ਪੱਖੀ ਕਦਮ ਹਨ ? ਰਾਜਿਆਂ ਦੇ ਭੱਤੇ ਤੇ ਹੋਰ ਵਿਸ਼ੇਸ਼ ਹੱਕ ਖਤਮ ਹੋਏ ਹਨ ਜਾਂ ਨਹੀਂ ? ਜਿਥੋਂ ਤਕ ਸਾਡਾ ਸੰਬੰਧ ਹੈ ਅਸੀਂ ਤੱਥਾਂ ਤੋਂ ਅੱਖਾਂ ਨਹੀਂ ਮੀਟਦੇ ਅਤੇ ਨਾ ਹੀ ਮਾਰਕਸਵਾਦ ਇਸ ਤਰ੍ਹਾਂ ਕਰਨ ਦੀ ਮੰਗ ਕਰਦਾ ਹੈ ।

ਇਕ ਨੁਕਤਾ ਖੱਬੀਆਂ ਪਾਰਟੀਆਂ ਵਿਚ ਦੁਫੇੜ ਦੀ ਜ਼ਿੰਮੇਵਾਰੀ ਦਾ ਹੈ । ਗੁਰਸ਼ਰਨ ਜੀ ਸੀ.ਪੀ.ਆਈ. ਦੇ ਕਾਂਗਰਸ ਨਾਲ "ਸਮਝੌਤੇ" ਨੂੰ ਇਸ ਦਾ ਕਾਰਨ ਦਸਦੇ ਹਨ । ਮੇਰੀ ਬੇਨਤੀ ਹੈ ਕਿ ਇਹ ਸਮਝੌਤਾ, ਜੁ ਵੀ ਹੈ, ੧੯੬੯ ਵਿਚ ਕਾਂਗਰਸ ਵਿਚ ਦੁਫੇੜ ਤੋਂ ਬਾਅਦ ਹੋਂਦ ਵਿਚ ਆਇਆ । ਪਰ ਇਹ ਫੁੱਟ ਤਾਂ ਇਸ ਤੋਂ ਕਈ ਸਾਲ ਪਹਿਲਾਂ ੧੯੬੪ ਤੋਂ ਤੁਰੀ ਆ ਰਹੀ ਹੈ । ਘੱਟੋ ਘੱਟ ਇਤਿਹਾਸਕ ਦ੍ਰਿਸ਼ਟੀ ਤਾਂ ਠੀਕ ਰੱਖੀ ਜਾਵੇ । ੧੯੬੪ ਵਿਚ ਜਦ ਕੁਝ ਸਾਥੀ ਜਥੇਬੰਦੀ ਦੇ ਸਾਰੇ ਲੈਨਿਨੀ ਅਸੂਲਾਂ ਨੂੰ ਭੰਗ ਕਰਕੇ ਸਾਂਝੀ ਪਾਰਟੀ ਵਿਚੋਂ ਵਾਕ ਆਊਟ ਕੀਤੇ ਸਨ ਓਦੋਂ ਤਾਂ ਕਾਂਗਰਸ ਨਾਲ ਕੋਈ ਸਮਝੌਤਾ ਨਹੀਂ ਸੀ । ੧੯੬੪ ਤੋਂ ਬਾਅਦ ਸੀ.ਪੀ. (ਮ) ਹੀ ਸੀ ਜਿਸ ਨੇ ਘੋਲਾਂ ਵਿਚ ਇਹ ਕਹਿ ਕੇ ਇਨਕਾਰ ਕਰਨ ਤੋਂ ਇਨਕਾਰ ਕੀਤਾ ਕਿ ਉਹ "ਸੋਧਵਾਦੀਆਂ" ਨਾਲ ਕੋਈ ਸੰਬੰਧ ਨਹੀਂ ਰੱਖਣਾ ਚਾਹੁੰਦੀ—੧੯੬੭ ਦੀਆਂ ਚੋਣਾਂ ਵਿਚ ਦੋਵਾਂ ਪਾਰਟੀਆਂ ਨੇ ਹੀ ਕਾਂਗਰਸ ਦੀ ਵਿਰੋਧਤਾ ਕੀਤੀ ਸੀ, ਪਰ ਉਦੋਂ ਵੀ ਸੀ.ਪੀ. (ਮ) ਨੇ ਏਕਤਾ ਕਰਨ ਤੋਂ ਇਨਕਾਰ ਕੀਤਾ, ਤਾਂ ਜੁ ਆਪਣੀ ਇਨਕਲਾਬੀ ਦਿੱਖ ਕਾਇਮ ਰੱਖ ਸਕੇ । ਸੋਸ਼ਲਿਸਟ ਪਾਰਟੀ ਨੂੰ ਹਮੇਸ਼ਾ ਹੀ ਕਮਿਊਨਿਸਟ ਵਿਰੋਧੀ ਅਤੇ ਸੋਵੀਅਤ-ਵਿਰੋਧੀ ਬੁਖਾਰ ਰਿਹਾ ਹੈ । ਇਸ ਲਈ ਖੱਬੀਆਂ ਪਾਰਟੀਆਂ ਵਿਚ ਫੁੱਟ ਦਾ ਕਾਰਨ ਮੈਂ ਇਨ੍ਹਾਂ ਪਾਰਟੀਆਂ ਦੀ ਤੰਗ-ਨਜ਼ਰੀ ਨੂੰ ਸਮਝਦਾ ਹਾਂ ।

ਮੈਨੂੰ ਗਾਲ੍ਹਾਂ ਦੇਣ ਦਾ ਬਹਾਨਾ ਬਨਾਉਣ ਲਈ ਸੁਰਜੀਤ ਜੀ ਨੇ ਇਕ ਗੱਲ ਆਪਣੇ ਕੋਲੋਂ ਹੀ ਲਾ ਲਈ ਹੈ ਕਿ ਮੈਂ ਆਖਿਆ ਹੈ ਕਿ ਸੀ.ਪੀ.ਆਈ., ਸੀ.ਪੀ. (ਮ) ਤੇ ਸੀ.ਪੀ. (ਐਮ.ਐਲ.) ਦੇ ਪ੍ਰੋਗਰਾਮਾਂ ਵਿਚ ਕੋਈ ਫਰਕ ਨਹੀਂ । ਚੰਗਾ ਹੁੰਦਾ ਉਹ ਮੇਰੇ ਲੇਖ ਚੋਂ ਸਬੂਤ ਪੇਸ਼ ਕਰਦੇ, ਪਰ ਸ਼ਾਇਦ ਇਹ ਕੰਮ ਉਹ ਕਿਸੇ "ਦੰਭੀ ਵਕੀਲ" ਦਾ ਹੀ ਸਮਝਦੇ ਹੋਣ । ਮੈਂ ਸਿਰਫ ਐਨਾ ਹੀ ਕਿਹਾ ਸੀ ਕਿ ਇਨਕਲਾਬ ਦੇ ਪੜਾਅ ਬਾਰੇ ਸਭ ਦਾ ਨਿਰਣਾ ਇਕੋ ਹੈ । ਤਿੰਨੇ ਪਾਰਟੀਆਂ ਮੰਨਦੀਆਂ ਹਨ ਕਿ ਮੌਜੂਦਾ ਪੜਾਅ ਸਮਾਜਵਾਦੀ ਇਨਕਲਾਬ ਦਾ ਨਹੀਂ, ਸਗੋਂ **ਜਮਹੂਰੀ ਇਨਕਲਾਬ** ਦਾ ਹੈ । ਇਸ ਗੱਲ ਤੇ ਵੀ ਕਿ ਇਹ ਇਨਕਲਾਬ ਸਾਮਰਾਜ, ਇਜਾਰੇਦਾਰੀ ਅਤੇ ਜਗੀਰਦਾਰੀ ਵਿਰੁਧ ਸੇਧਿਆ ਹੋਵੇਗਾ । ਤਿੰਨੋਂ ਹੀ ਇਸ ਗੱਲ ਤੇ ਵੀ ਸਹਿਮਤ ਹਨ ਕਿ ਇਸ ਇਨਕਲਾਬ ਦੀਆਂ ਮਜ਼ਦੂਰ, ਕਿਸਾਨ, ਮੱਧ ਵਰਗ ਤੇ ਗੈਰ ਇਜਾਰੇਦਾਰ ਕੌਮੀ ਸਰਮਾਏਦਾਰੀ ਮਿੱਤਰ ਜਮਾਤਾਂ ਹਨ । ਜਮਹੂਰੀ ਇਨਕਲਾਬ ਪੂਰਾ ਕਰਨ ਲਈ ਸੀ.ਪੀ.ਆਈ. ਤੇ ਸੀ.ਪੀ. (ਮ) ਜਿਨ੍ਹਾਂ ਮੋਰਚਿਆਂ ਦਾ ਸੰਕਲਪ ਪੇਸ਼ ਕਰਦੀਆਂ ਹਨ, ਉਹਨਾਂ ਵਿਚ ਭਿੰਨਤਾ ਹੈ ਤੇ ਏਸ ਭਿੰਨਤਾ ਦਾ ਸਵਾਲ ਮੈਂ ਫੇਰ ਲਵਾਂਗਾ । ਜਿਥੋਂ ਤਕ ਉਹਨਾਂ ਵਲੋਂ ਮੇਰੇ ਲਈ ਵਰਤੇ ਗਏ "ਮੂੜ੍ਹ", "ਦੰਭੀ ਵਕੀਲ" ਆਦਿ ਵਿਸ਼ੇਸ਼ਣਾਂ ਦਾ ਸੰਬੰਧ ਹੈ, ਮੈਂ ਉਹਨਾਂ ਦਾ ਧੰਨਵਾਦ ਕਰਦਾ ਹਾਂ । ਸ਼ਬਦ ਤਾਂ ਫੁੱਲਾਂ ਵਾਂਗ ਹੁੰਦੇ ਹਨ, ਜੁ ਉਸ ਧਰਤੀ ਦੇ ਸੂਚਕ ਹੁੰਦੇ ਹਨ, ਜਿਸ ਵਿਚੋਂ ਉਹ ਉਗਮਦੇ ਹਨ । ਪਰ ਮੈਂ ਸੁਰਜੀਤ ਜੀ ਅੱਗੇ ਉਹਨਾਂ ਦੇ ਹੀ ਸ਼ਬਦਾਂ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ "ਸਿਧਾਂਤ ਤੇ ਇਨਕਲਾਬ" ਦੇ ਮਸਲੇ ਉੱਚੀ ਬੋਲਣ, ਗਾਲ੍ਹਾਂ ਕੱਢਣ, ਨੀਅਤ ਤੇ ਸ਼ੱਕ ਕਰਨ ਨਾਲ ਹੱਲ ਨਹੀਂ ਹੋ ਸਕਦੇ ।

(ਚਲਦਾ)

o

## ਅਮਲਾਂ ਤੇ ਹੋਣਗੇ ਨਬੇੜੇ (੩)

—ਜਸਪਾਲ ਸਿੰਘ, ਨਾਹਰ ਸਿੰਘ

ਪ੍ਰੋ: ਤਰਸੇਮ ਬਾਹੀਆ ਜੀ ਨੇ ਸਤੰਬਰ ੧੯੭੩ ਦੇ ਸਰਦਲ ਵਿਚ ਆਪਣੇ ਲੇਖ "ਸੀ. ਪੀ. ਆਈ. ਕਾਂਗਰਸ ਅਤੇ ਗੁਰਸ਼ਰਨ ਸਿੰਘ" ਵਿਚ ਸੀ. ਪੀ. ਆਈ. ਦੇ ਕਾਂਗਰਸ ਪ੍ਰਤੀ ਨਿਰਣੇ ਨੂੰ ਠੀਕ ਸਾਬਤ ਕਰਨ ਲਈ ਅਤੇ ਜਮਹੂਰੀ ਲਹਿਰ ਦੀ ਫੁੱਟ ਦੀ ਜ਼ਿੰਮੇਵਾਰੀ ਤੋਂ ਸੀ. ਪੀ. ਆਈ. ਨੂੰ ਬਰੀ ਕਰਨ ਲਈ ਯਤਨ ਕੀਤਾ ਹੈ । ਇਸ ਲਈ ਇਸ ਨੂੰ ਨੋਟਿਸ ਵਿਚ ਲੈਣਾ ਜ਼ਰੂਰੀ ਹੈ ਤਾਂ

ਜੋ ਕਾਂਗਰਸ ਦਾ ਜਮਾਤੀ ਕਿਰਦਾਰ ਅਤੇ ਉਸਦੀ ਪੂਛ ਸੀ. ਪੀ. ਆਈ. ਵਲੋਂ ਅਮਲੀ ਤੌਰ ਤੇ ਇਜਾਰੇਦਾਰਾਂ ਦੀ ਦਲਾਲ ਹੋਣ ਵਾਲੀ ਨੰਗੀ ਸਚਾਈ ਨੂੰ ਜਾਣਿਆ ਜਾ ਸਕੇ।

ਪ੍ਰੋ: ਸਾਹਿਬ ਨੇ ਕਿਹਾ ਹੈ ਕਿ ਸਾਡੇ ਮੌਜੂਦਾ ਇਨਕਲਾਬ ਦਾ ਪੜਾ ਜਗੀਰਦਾਰ, ਇਜ਼ਾਰੇਦਾਰ ਅਤੇ ਸਾਮਰਾਜ ਵਿਰੋਧੀ ਹੈ। ਇਸ ਲਈ ਇਜ਼ਾਰੇਦਾਰੀ, ਜਗੀਰਦਾਰੀ ਅਤੇ ਸਾਮਰਾਜ ਵਿਰੋਧੀ, ਸਾਰੀਆਂ ਜਮਾਤਾਂ ਦਾ ਸਾਂਝਾ ਮੋਰਚਾ ਬਣਨਾ ਜ਼ਰੂਰੀ ਹੈ। ਅਸੀਂ ਇਸ ਗਲ ਨਾਲ ਸਹਿਮਤ ਹਾਂ। ਪਰ ਇਸ ਇਨਕਲਾਬ ਦੀ ਅਗਵਾਈ ਮਜ਼ਦੂਰ ਜਮਾਤ ਦੇ ਹਥ ਹੋਵੇਗੀ। ਇਹ ਲੋਕ-ਜਮਹੂਰੀ ਇਨਕਲਾਬ ਹੋਵੇਗਾ ਨਾ ਕਿ ਕੌਮੀ ਜਮਹੂਰੀ ਇਨਕਲਾਬ ਜਿਵੇਂ ਤੁਸੀਂ ਲੇਖ ਵਿਚ ਕਿਹਾ ਹੈ, "ਸਾਡੇ ਇਨਕਲਾਬ ਦਾ ਮੌਜੂਦਾ ਪੜਾ ਕੌਮੀ-ਜਮਹੂਰੀ ਪੜਾ ਹੈ।" ਪਰ ਅਸਲੀਅਤ ਵਿਚ ਇਹ ਨਹੀਂ। ਇਸ ਇਨਕਲਾਬ ਵਿਚ ਮੁੱਖ ਰੋਲ ਮਜ਼ਦੂਰ-ਕਿਸਾਨ ਗਠ-ਜੋੜ ਦਾ ਹੋਵੇਗਾ ਨਾ ਕਿ 'ਸੀ. ਪੀ. ਆਈ. ਕਾਂਗਰਸ ਗਠ-ਜੋੜ' ਦਾ। ਇਹ ਇਨਕਲਬਾਬ ਸੰਸਾਰ ਸੋਸ਼ਲਿਸਟ ਇਨਕਲਾਬ ਦਾ ਅੰਗ ਹੋਵੇਗਾ ਨਾ ਕਿ ਸੰਸਾਰ ਸਰਮਾਏਦਾਰੀ ਇਨਕਲਾਬ ਦਾ। ਇਸ ਦਾ ਅੰਤਮ ਨਿਸ਼ਾਨਾ ਸਮਾਜਵਾਦ ਦੀ ਪ੍ਰਾਪਤੀ ਹੋਵੇਗਾ ਸਰਮਾਏਦਾਰੀ ਸਮਾਜ ਦੀ ਨਹੀਂ। ਅੱਜ ਦੇ ਸਮੇਂ ਵਿਚ ਅਰਧ ਜਗੀਰੂ ਤੇ ਅਰਧ ਬਸਤੀਵਾਦੀ ਦੇਸ਼ਾਂ ਵਿਚ ਜਮਹੂਰੀ ਇਨਕਲਾਬ ਵਿਚ ਮੁਖ ਰੋਲ ਮਜ਼ਦੂਰ-ਕਿਸਾਨ ਗਠਜੋੜ ਹੀ ਅਦਾ ਕਰੇਗਾ। ਜਿਸ ਦੀ ਮਿਸਾਲ ਚੀਨ ਦਾ ਲੋਕ ਜਮਹੂਰੀ ਇਨਕਲਾਬ ਹੈ। ਕੌਮੀ ਸਰਮਾਏਦਾਰੀ ਦਾ ਰੋਲ, ਇਸ ਇਨਕਲਾਬ ਵਿਚ ਖਿੜਕਵਾਂ ਹੋਵੇਗਾ। ਇਸਦਾ ਕੁਝ ਹਿੱਸਾ ਮਜ਼ਦੂਰ ਜਮਾਤ ਨਾਲ ਆਵੇਗਾ ਅਤੇ ਕੁਝ ਹਿੱਸਾ ਇਜਾਰੇਦਾਰਾਂ ਤੇ ਜਗੀਰਦਾਰਾਂ ਨਾਲ ਜੁੜਿਆ ਰਹੇਗਾ। ਪਰ ਕੌਮੀ ਸਰਮਾਏਦਾਰੀ ਮਜ਼ਦੂਰ ਜਮਾਤ ਨਾਲ ਉਦੋਂ ਹੀ ਆਵੇਗੀ ਜਦੋਂ ਮਜ਼ਦੂਰ ਜਮਾਤ ਦੀ ਅਗਵਾਈ ਹੇਠ ਇਜਾਰੇਦਾਰ ਤੇ ਜਗੀਰਦਾਰ ਵਿਰੋਧੀ ਲਹਿਰ ਸਿਖਰ ਤੇ ਪੁੱਜ ਜਾਵੇਗੀ। ਸੋ ਅਰੰਭ ਵਿਚ ਕੌਮੀ ਸਰਮਾਏਦਾਰੀ ਸਾਡੇ ਨਾਲ ਨਹੀਂ ਆਵੇਗੀ।

ਦੂਜੀ ਗੱਲ, ਪ੍ਰੋ: ਸਾਹਿਬ ਨੇ ਕਿਹਾ ਹੈ ਕਿ ਕਾਂਗਰਸ ਵਿਚ ਗੈਰ-ਇਜਾਰੇਦਾਰੀ ਸਰਮਾਏਦਾਰੀ ਦਾ ਤਕੜਾ ਪ੍ਰਭਾਵ ਹੈ ਅਤੇ ਉਸ ਦੀ ਟੱਕਰ ਇਜਾਰੇਦਾਰ ਅਤੇ ਸਰਮਾਏਦਾਰੀ ਨਾਲ ਤਿੱਖੀ ਹੋ ਗਈ ਹੈ। ਪ੍ਰੋ: ਸਾਹਿਬ! ਇਹ ਦੱਸਣ ਦੀ ਖੇਚਲ ਕਰੋ ਕਿ ਕਾਂਗਰਸ ਦਾ ਗੈਰ-ਇਜਾਰੇਦਾਰ ਹਿੱਸਾ ਕਿਹੜੇ ਖੂੰਜੇ ਲੁਕਿਆ ਹੋਇਆ ਹੈ? ਜਦੋਂ ਇੰਦਰਾ ਕਾਂਗਰਸ ਕਾਮਰਾਜ ਨਾਲ ਜੋਟੀਆਂ ਪਾ ਰਹੀ ਹੈ ਤਾਂ ਕਾਂਗਰਸ ਵਿਚਲੀ ਗੈਰ-ਇਜਾਰੇਦਾਰ ਸਰਮਾਏਦਾਰੀ ਕੀ ਕਰ ਰਹੀ ਹੈ? ਕਾਂਗਰਸ ਦੀਆਂ ਇਜਾਰੇਦਾਰ ਪੱਖੀ ਪਾਲਸੀਆਂ ਨੂੰ ਚੁੱਪ ਚਾਪ ਕਿਉਂ ਮਨਜ਼ੂਰ ਕਰੀ ਜਾ ਰਹੀ ਹੈ? ਜਦੋਂ ਕਿ ਸੀ. ਪੀ. ਆਈ. ਉੱਚੀ ਉੱਚੀ ਕੂਕ ਰਹੀ ਹੈ ਕਿ ਇੰਦਰਾ ਇਜਾਰੇਦਾਰੀਆਂ ਤਕੜੀਆਂ ਕਰ ਰਹੀ (ਨਵੇਂ ਜ਼ਮਾਨੇ ਦੇ ਪੰਨੇ ਤੇ ਪ੍ਰੋ: ਸਹਿਬ ਦੇ ਲੇਖ ਵਿਚ ਇਹ ਗੱਲ ਮੰਨੀ ਗਈ ਹੈ) ਤਾਂ ਗੈਰ-ਇਜ਼ਾਰੇਦਾਰ ਇਸ ਦਾ ਵਿਰੋਧ ਕਿਉਂ ਨਹੀਂ ਕਰਦੇ (ਕਾਂਗਰਸ ਵਿਚਲੇ)? ਸੋ ਇਸ ਤੋਂ ਪਤਾ ਲਗਦਾ ਹੈ ਕਿ ਕੌਮੀ ਸਰਮਾਏਦਾਰੀ ਅਤੇ ਇਜਾਰੇਦਾਰੀ ਦੀ ਟੱਕਰ ਨੂੰ ਸੀ ਪੀ. ਆਈ. ਵਡ-ਦਰਸ਼ੀ ਸ਼ੀਸ਼ਿਆਂ ਰਾਹੀਂ ਦੇਖ ਰਹੀ ਹੈ ਅਤੇ ਗੈਰ-ਇਜਾਰੇਦਾਰ ਸਰਮਾਏਦਾਰੀ ਦੇ ਨਾਲ ਏਕਤਾ ਦੇ ਪਰਦੇ ਹੇਠ ਇਜਾਰੇਦਾਰ ਦਲਾਲ ਸਰਮਾਏ-ਦਾਰੀ ਨਾਲ ਅੱਖ-ਮਟੱਕਾ ਕਰ ਕੇ ਯਰਾਨੇ ਪਾ ਰਹੀ ਹੈ।

ਪ੍ਰੋ: ਸਾਹਿਬ ਨੇ ਕਿਹਾ ਹੈ ਕਿ "ਕੀ ਬੈਂਕਾਂ ਦਾ ਕੌਮੀਕਰਣ, ਰਾਜਿਆਂ ਦੇ ਭੱਤੇ ਬੰਦ ਕਰਨ, ਕੋਲੇ ਦੀਆਂ ਖਾਣਾਂ ਦੇ ਕੌਮੀਕਰਣ, ਕਣਕ ਦੇ ਵਪਾਰ ਦਾ ਕੌਮੀਕਰਣ, ਗੈਰ ਇਜਾਰੇਦਾਰ ਕਦਮ ਨਹੀਂ ਹਨ?" ਸਾਡਾ ਜੁਆਬ ਨਾਂਹ ਵਿਚ ਹੈ। ਪ੍ਰੋ: ਸਾਹਿਬ! ਕੀ ਤੁਸੀਂ ਸਮਝਦੇ ਹੋ ਕਿ ਕੌਮੀਕਰਣ ਇਜਾਰੇਦਾਰ ਸਰਮਾਏਦਾਰੀ ਤੇ ਸੱਟ ਮਾਰਦਾ ਹੈ? ਤਾਂ ਸਦਕੇ ਤੁਹਾਡੀ 'ਇਨਕਲਾਬੀ ਪਾਰਟੀ ਦੇ' 'ਮਹਾਨ ਮਾਰਕਸਵਾਦੀ' ਸੂਝ ਦੇ।

ਕੌਮੀ-ਕਰਣ ਤਾਂ ਭਾਰਤ ਦੀ ਦਲਾਲ ਇਜਾਰੇਦਾਰ ਸਰਮਾਏਦਾਰੀ ਨੂੰ ਤਕੜਿਆਂ ਕਰ ਰਿਹਾ ਹੈ। ਤੁਸੀਂ ਆਪਣੇ ਲੇਖ ਵਿਚ ਵੀ ਮੰਨਿਆ ਹੈ, "ਕਾਂਗਰਸ ਸਟੇਟ ਸੈਕਟਰ ਰਾਹੀਂ ਸਟੇਟ-ਕੈਪੀਟਲਿਜ਼ਮ ਨੂੰ ਤਕੜਿਆਂ ਕਰ ਰਹੀ ਹੈ।" ਕਿਧਰੋਂ ਹੋਰ ਦਿਤੀ ਮਿਸਾਲ ਤੋਂ ਤਾਂ ਸ਼ਾਇਦ ਤੁਹਾਨੂੰ ਸ਼ੱਕ ਹੀ ਹੋਵੇ। ਅਸੀਂ ਰੂਸ ਵਿਚ ਛਪੀ ਅਤੇ ਤੁਹਾਡੀ ਹੀ ਪਾਰਟੀ ਦੇ 'ਮਾਰਕਕਵਾਦ ਦੇ ਇਜਾਰੇਦਾਰ' ਸ੍ਰੀ ਜਗਜੀਤ ਸਿੰਘ ਅਨੰਦ ਦੁਆਰਾ ਅਨੁਵਾਦ ਕੀਤੀ ਪੁਸਤਕ 'ਮਾਰਕਸਵਾਦ ਲੈਨਿਨਵਾਦ ਦੇ ਮੂਲ ਸਿਧਾਂਤ' ਵਿਚੋਂ ਹੀ ਟੂਕਾਂ ਦੇਣੀਆਂ ਠੀਕ ਸਮਝਾਂਗੇ।

"ਇਜਾਰੇਦਾਰੀਆਂ ਦੀਆਂ ਜੋ, ਇਸ ਸਦੀ ਦੇ ਸ਼ੁਰੂ ਤਕ ਭਾਰੂ ਆਰਥਕ ਸ਼ਕਤੀ ਬਣ ਗਈਆਂ ਹਨ। ਸਭ ਤੋਂ ਪਹਿਲੀਆਂ ਕਾਰਵਾਈਆਂ 'ਚੋਂ ਇਹ ਸੀ ਕਿ ਸਰਕਾਰੀ ਠੇਕਿਆਂ ਦੁਆਰਾ ਆਪਣੇ ਆਪ ਨੂੰ ਅਮੀਰ ਬਣਾਇਆ ਜਾਵੇ ਮਾਸੂਲ ਚੂੰਗੀ ਦੇ ਕਾਨੂੰਨਾਂ, ਸਰਕਾਰੀ ਕਰਜ਼ਿਆਂ, ਸਰਕਾਰੀ ਸਹਾਇਤਾ, ਟੈਕਸਾਂ ਛੋਟਾਂ ਆਦਿ ਨੂੰ ਆਪਣੇ ਸਵਾਰਥੀ ਹਿਤਾਂ ਲਈ ਵਰਤਿਆ ਜਾਵੇ।"

(ਮਾਰਕਸਵਾਦ ਲੈਨਿਨ ਦੇ ਮੂਲ ਸਿਧਾਂਤ ਸਫ਼ਾ ੮੯ ਭਾਗ-ਤੀਜਾ)

"ਇਸਤੋਂ ਬਿਨਾਂ ਸਨਅਤ ਦੀਆਂ ਅਨੇਕਾਂ ਉਘੀਆਂ ਪਰ ਬਹੁਤ ਮੁਨਾਫ਼ਾ ਨਾ ਦੇਣ ਵਾਲੀਆਂ ਸ਼ਾਖਾਂ ਦੀ ਮਾਲਕੀ ਰਾਜ ਦੇ ਸਪੁਰਦ ਕਰ ਦਿਤੀ ਜਾਂਦੀ ਹੈ, ਮਿਸਾਲ ਵਜੋਂ ਬਰਤਾਨੀਆਂ ਵਿਚ ਇਹ ਗੱਲ ਕੋਲੇ ਦੀਆਂ ਖਾਣਾਂ, ਬਿਜਲਈ ਸ਼ਕਤੀ ਤੇ ਰੇਲਾਂ ਦੇ ਸਬੰਧ ਵਿਚ ਹੋਈ ਹੈ। ਇਹਨਾਂ ਦਾ ਕੌਮੀ-ਕਰਣ ਸਬੰਧਿਤ ਕੰਪਨੀਆਂ ਲਈ ਬਹੁਤ ਹੀ ਫਾਇਦੇਮੰਦ ਰਿਹਾ ਹੈ।

(ਉਪ੍ਰੋਕਤ ਪੁਸਤਕ ਸਫ਼ਾ ੯੦)

"ਦੂਜੀ ਸੰਸਾਰ ਜੰਗ ਤੋਂ ਬਾਅਦ ਜਰਮਨੀ ਦੇ ਲੋਕਾਂ ਨੇ ਕੌਮੀਕਰਣ ਦੀ ਮੰਗ ਕੀਤੀ ਸੀ ਪਰ ਇਸ ਦਾ ਕੀ ਨਤੀਜਾ ਨਿਕਲਿਆ।" ਵੇਖੋ ;

"ਕਿਰਤੀ ਲੋਕਾਂ ਨੂੰ ਕੌਮੀਕਰਣ ਵਿਚ ਇਜਾਰੇਦਾਰ ਪੂੰਜੀ ਦੇ ਅਤੇ ਪਿੱਛੇ-ਖਿੱਚੂ ਗਰੋਹਾਂ ਦੀ ਪੰਜਾਲੀ ਨੂੰ ਲਾਹ ਮਾਰਨ ਦਾ ਰਾਹ ਦਿਸਦਾ ਸੀ, ਪਰ ਕੌਮੀਕਰਣ ਦੇ ਸਮਰਥਕ ਸਰਮਾਏਦਾਰ ਰਾਜ ਨੇ ਅਤੇ ਸੱਜੇ ਪੱਖੀ ਸੋਸ਼ਲ ਡੈਮੋਕਰੇਟਾਂ ਨੇ ਜਿਨ੍ਹਾਂ ਨੇ ਜਨਤਾ ਦੇ ਦਬਾਅ ਹੇਠ ਅਸ਼ੰਕ ਤੌਰ ਤੇ ਸਰਮਾਏਦਾਰ-ਕੌਮੀਕਰਣ ਕੀਤਾ, ਇਹ ਕਾਰਵਾਈ ਇਸ ਤਰੀਕੇ ਨਾਲ ਕੀਤੀ ਗਈ ਕਿ ਇਸ ਨੇ ਇਜਾਰੇਦਾਰੀਆਂ ਦੇ ਹਿਤਾਂ ਦੀ ਸਭ ਤੋਂ ਵਧੀਆ ਸੇਵਾ ਕੀਤੀ।"

(ਉਪਰੋਕਤ ਪੁਸਤਕ ਸਫ਼ਾ ੯੮)

ਇਜਾਰੇਦਾਰੀ ਬਾਰੇ ਇਸ ਉਪ੍ਰੋਕਤ ਪੁਸਤਕ ਵਿਚ ਕਿਹਾ ਗਿਆ ਹੈ "ਸਰਮਾਏਦਾਰ ਜਮਾਤ ਦੇ ਸੋਧਵਾਦੀ ਤੇ ਸੁਧਾਰਵਾਦੀ ਪ੍ਰਚਾਰਕ ਰਾਜਕੀ ਇਜਾਰੇਦਾਰ ਸਰਮਾਏ-ਦਾਰੀ ਨੂੰ ਇਕ ਅਜਿਹੇ ਨਵੇਂ ਸਮਾਜੀ ਪ੍ਰਬੰਧ ਵਜੋਂ ਪੇਸ਼ ਕਰਦੇ ਹਨ ਜੋ ਪੁਰਾਣੀ ਸਰਮਾਏਦਾਰੀ ਨਾਲੋਂ ਬੁਨਿਆਦੀ ਤੌਰ ਤੇ ਵੱਖਰਾ ਹੈ। ਇਸ ਮੰਤਵ ਲਈ ਉਹ ਜਾਣ ਬੁੱਝ ਕੇ ਇਜਾਰੇਦਾਰ ਜਕੜ ਦੀ ਏਸ ਸ਼ਕਲ ਦੀ ਉਹਨਾਂ ਰਾਜਕੀ ਸਰਮਾਏਦਾਰ ਕਦਮਾਂ ਨਾਲ ਤੁਲਨਾ ਦੇਂਦੇ ਹਨ ਜੋ ਕ੍ਰਿਤੀ ਲੋਕ ਆਪਣੇ ਘੋਲ ਦੁਆਰਾ ਪ੍ਰਾਪਤ ਕਰਦੇ ਹਨ।"

(ਉਹੀ ਪੁਸਤਕ ਸਫ਼ਾ ੧੦੧)

ਸੋ ਤੁਹਾਡੀ ਸੀ. ਪੀ. ਆਈ. ਦਾ ਭਾਰਤ ਵਿਚ ਹੋਏ ਕੌਮੀਕਰਣ ਤੋਂ ਇਸ ਦੇ ਗੈਰ ਇਜਾਰੇਦਾਰ ਚਰਿੱਤਰ ਦਾ ਅੰਦਾਜ਼ਾ ਲਾਉਣਾ ਮਾਰਕਸਵਾਦ ਨਾਲ ਦੁਸ਼ਮਣੀ ਹੈ ਅਤੇ ਸਿਰਫ ਸੋਧਵਾਦੀ ਤੇ ਸੁਧਾਰਵਾਦੀ ਪ੍ਰਚਾਰ ਹੈ। ਸੋ ਤੁਸੀਂ ਵੀ ਉਸੇ ਤਰ੍ਹਾਂ ਹੀ ਕਰਦੇ ਹੋ ਜਿਵੇਂ "ਸੱਜੇ ਪੱਖੀ ਸੋਸ਼ਲ ਡੈਮੋਕਰੇਟ ਰਾਜਕੀ ਸਰਮਾਏਦਾਰੀ ਦੇ ਅਜੋਕੇ ਚਰਿੱਤ੍ਰ ਨੂੰ ਅੱਖੋਂ ਪਰੋਖੇ ਕਰਨ ਦਾ ਯਤਨ ਕਰਦੇ ਹਨ।"

(ਉਹੀ ਪੁਸਤਕ ਸਫ਼ਾ ੧੦੩)

ਸਾਡੇ ਦੇਸ਼ ਦੀ ਸਰਮਾਏਦਾਰੀ ਵੀ ਆਪਣੇ 'ਅਗਾਂਹ-ਵਧੂ ਕਦਮ' ਕੌਮੀਕਰਣ ਰਾਹੀਂ ਆਪਣੇ ਆਪ ਨੂੰ ਤਕੜਿਆਂ ਕਰ ਰਹੀ ਹੈ। ਸਰਕਾਰੀ ਖੇਤਰ ਦੀ ਉਸਾਰੀ ਕਈ ਸਾਮਰਾਜੀ ਲੋਟੂਆਂ ਦੁਆਰਾ ਕੀਤੀ ਜਾ ਰਹੀ ਹੈ, ਤਾਂ ਕਿ ਉਹ ਭਾਰਤ ਦੀ ਸਸਤੀ (ਅਰੀਕਾ, ਰੂਸ ਅਤੇ ਇੰਗਲੈਂਡ ਆਦਿ ਨਾਲੋਂ) ਮਜ਼ਦੂਰੀ ਅਤੇ ਕੱਚੇ ਮਾਲ ਦੀ ਲੁੱਟ-ਖਸੁੱਟ ਕਰ ਸਕਣ, ਇਹ ਸਰਕਾਰੀ ਇਜਾਰੇਦਾਰੀ ਭਾਵ ਨੌਕਰਸ਼ਾਹ ਦਲਾਲ ਸਰਮਾਏਦਾਰੀ ਹੈ। ਸੋ ਦਲਾਲ ਸਰਮਾਏਦਾਰੀ ਵਲੋਂ ਕੀਤੇ ਜਾ ਰਹੇ ਕੌਮੀਕਰਣ (ਇਜਾਰੇ-ਦਾਰੀਕਰਣ) ਨੂੰ ਅੱਗੇ-ਵਧੂ ਗਰਦਾਨ ਕੇ ਸੀ.ਪੀ.ਆਈ. ਸਰਕਾਰੀ ਭੰਡਾਂ ਦਾ ਰੋਲ ਬਹੁਤ ਸਫਲਤਾ ਨਾਲ ਨਿਭਾ ਰਹੀ ਹੈ।

ਹੁਣ ਪ੍ਰੋ: ਸਾਹਿਬ ਕਹਿਣਗੇ ਕਿ ਜੇ ਕੌਮੀਕਰਣ ਅਗਾਂਹ-ਵਧੂ ਕਦਮ ਨਹੀਂ ਹੈ ਤਾਂ ਸੱਜ-ਪਿਛਾਖੜ ਜਿਵੇਂ ਜਨਸੰਘ, ਸੁਤੰਤਰ, ਸਿੰਡੀਕੇਟੀਏ ਆਦਿ (ਭਾਵੇਂ ਕਾਂਗਰਸ ਵਿਚ ਇਹਨਾਂ ਨਾਲੋਂ ਕੁਝ ਵੀ ਵੱਖਰਾ ਨਹੀਂ ਹੈ) ਇਸ ਦਾ ਵਿਰੋਧ ਕਿਉਂ ਕਰਦੇ ਹਨ ? ਇਸ ਦਾ ਕਾਰਨ ਇਹ ਹੈ ਕਿ ਉਹਨਾਂ ਦਾ ਸਟੇਟ ਉਤੇ ਸਿੱਧਾ ਕਬਜ਼ਾ ਨਾ ਹੋਣ ਕਰਕੇ 'ਸਰਕਾਰੀ ਖੇਤਰ' ਦੀ ਆਪਣੇ ਹਿਤਾਂ ਲਈ ਉਸ ਤਰ੍ਹਾਂ ਵਰਤੋਂ ਨਹੀਂ ਕਰ ਸਕਦੇ, ਜਿਵੇਂ ਕਿ ਕਾਂਗਰਸੀ ਇਜਾਰੇਦਾਰ ਕਰ ਰਹੇ ਹਨ। ਸੋ ਕਾਂਗਰਸ ਅਤੇ ਬਾਕੀ ਇਜਾਰੇਦਾਰਾਂ ਦੀ ਲੜਾਈ ਗੁੜ ਦੀ ਭੇਲੀ ਲਈ ਬਾਂਦਰ੍ਹਾਂ ਦੀ ਲੜਾਈ ਤਾਂ ਬਿਨਾਂ ਕੁਝ ਵੀ ਨਹੀਂ। ਪ੍ਰੋ: ਸਾਹਿਬ ! ਕਿਤੇ ਤੁਹਾਡੀ ਸੀ.ਪੀ.ਆਈ. ਵੀ ਇਸ

ਵਿਚੋਂ ਮੂੰਹ ਮਿੱਠਾ ਕਰਨ ਦੀ ਆਸ ਤਾਂ ਨਹੀਂ ਲਾਈ ਬੈਠੀ ?

ਭੂਮੀ ਸੁਧਾਰਾਂ ਤੇ ਵਿਧਾਨ ਦੀਆਂ 'ਅਗਾਂਹ-ਵਧੂ' ਸੋਧਾਂ ਦਾ ਕੀ ਨਤੀਜਾ ਨਿਕਲਿਆ ਹੈ ? ਕੀ ਇਹਨਾਂ ਨੇ ਜਗੀਰਦਾਰੀ ਦੀ ਬੁਨਿਆਦ ਉਤੇ ਕੋਈ ਸੱਟ ਮਾਰੀ ਹੈ ? ਕਾਮਰੇਡ ਲੈਨਿਨ ਅਨੁਸਾਰ ਸਾਨੂੰ ਫਾਰਮ ਦੀ ਥਾਂ ਇਸੈਂਸ (ਸ਼ਕਲ ਦੀ ਥਾਂ ਤੱਤ ਵਿਚ) ਵਿਚ ਯਕੀਨ ਰੱਖਣਾ ਚਾਹੀਦਾ ਹੈ। ਅਸਲ ਵਿਚ ਕਾਂਗਰਸ ਸਰਕਾਰ ਅਰਧ ਜਗੀਰੂ ਰਿਸ਼ਤਿਆਂ ਨੂੰ ਤੱਤ ਰੂਪ ਵਿਚ ਕਾਇਮ ਰੱਖ ਰਹੀ ਹੈ ਅਤੇ ਇਸ ਦੇ 'ਅਗਾਂਹ-ਵਧੂ ਕਦਮਾਂ' ਰਿਆਸਤਾਂ ਦਾ ਏਕੀਕਰਣ, ਜ਼ਿਮੀਂਦਾਰੀ ਦਾ ਖਾਤਮਾ, ਰਾਜਿਆਂ ਦੇ ਭੱਤੇ ਬੰਦ ਕਰਨੇ, ਜ਼ਮੀਨੀ ਹੱਦਬੰਦੀ ਤੇ ਹੋਰ ਸੁਧਾਰਾਂ ਨੇ ਇਸ ਦੇ ਚਿਹਰੇ ਉਤੇ ਪਰਦਾ ਪਾਇਆ ਹੈ ਅਤੇ ਜਗੀਰਦਾਰੀ ਦੀ ਸੇਵਾ ਕੀਤੀ ਹੈ ਅਤੇ ਅਰਥ ਵਿਵਸਥਾ ਨੂੰ ਪੂਰੀ ਤਰ੍ਹਾਂ ਪਛੜਿਆਂ ਤੇ ਪੂਰੀ ਤਰ੍ਹਾਂ ਸਾਮਰਾਜ ਉਤੇ ਨਿਰਭਰ ਰੱਖਿਆ ਹੈ। ਇਸ ਲਈ ਇਹਨਾਂ ਕਦਮਾਂ ਤੋਂ ਕਾਂਗਰਸ ਵਿਚ ਕੌਮੀ ਸਰਮਾਏਦਾਰੀ ਅੰਸ਼ ਲੱਭਣਾ ਝੋਟਿਆਂ ਘਰੋਂ ਲੱਸੀ ਲਿਆਉਣ ਵਾਲੀ ਗੱਲ ਹੈ।

ਪ੍ਰੋ: ਸਾਹਿਬ ! ਜੇ ਤੁਹਾਡੀ ਪਾਰਟੀ ਨੂੰ ਲੈਨਿਨ ਦੇ ਤੰਗ ਨਜ਼ਰ (Nerrow minded) ਹੋਣ ਦਾ ਸ਼ੱਕ ਨਾ ਹੋਵੇ ਤਾਂ ਉਸ ਅਨੁਸਾਰ ਤਾਂ ਜਿਨ੍ਹਾਂ ਸ਼੍ਰੇਣੀਆਂ ਦਾ ਆਰਥਕਤਾ ਉਤੇ ਕਬਜ਼ਾ ਹੁੰਦਾ ਹੈ ਉਹਨਾਂ ਦਾ ਹੀ ਸਟੇਟ ਉਤੇ ਕਬਜ਼ਾ ਹੁੰਦਾ ਹੈ। ਸਾਡੇ ਦੇਸ਼ ਦੀ ਸਟੇਟ ਦਾ ਖਾਸਾ ਵੇਖਣ ਲਈ ਸਾਨੂੰ ਆਰਥਕ ਹਾਲਾਤ ਨੂੰ ਵੇਖਣਾ ਪਏਗਾ। ਜਿੰਨਾ ਬਿਦੇਸ਼ਾਂ ਦਾ ਕਰਜ਼ਾ ਸਾਡੇ ਸਿਰ ਹੈ ਓਨਾ ਸ਼ਾਇਦ ਹੀ ਕਿਸੇ ਤੀਜੇ ਜਗਤ ਦੇ ਕਿਸੇ ਹੋਰ ਦੇਸ਼ ਸਿਰ ਹੋਵੇ। ਭਾਰਤੀ ਪਲੈਨਿੰਗ ਕਮਿਸ਼ਨ ਦੇ ਮੈਗਜ਼ੀਨ 'ਨਵਾਂ ਮੋੜ' ਵਿਚ ਦੱਸਿਆ ਗਿਆ ਹੈ, "੧੯੭੨-੭੩ ਦੇ ਅੰਤ ਤਕ ਸਾਡੇ ਦੇਸ਼ ਸਿਰ ੭੧੬੧ ਕਰੋੜ ਰੁਪਏ ਬਿਦੇਸ਼ੀ ਕਰਜ਼ਾ ਹੈ।......ਭਾਰਤ ਨੇ ੧੯੭੨-੭੩ ਵਿਚ ੩੧੪ ਕਰੋੜ ਰੁਪਏ ਦੀਆਂ ਕਿਸ਼ਤਾਂ ਚੁਕਾਈਆਂ ਹਨ ਅਤੇ ੧੨੯ ਕਰੋੜ ਰੁਪਏ ਸੂਦ ਵੀ ਦਿਤਾ ਹੈ।" ਇਸ ਤੋਂ ਬਿਨਾਂ ਨਿੱਜੀ ਤੌਰ ਤੇ ਦਲਾਲਾਂ ਵਲੋਂ ਲਿਆ ਗਿਆ ਕਰਜ਼ਾ ਕਿਤੇ ਵਧੇਰੇ ਹੈ। ਭਾਰਤ ਦੇ ਮੁੱਖ ਦਲਾਲ ਟਾਟੇ ਅਤੇ ਬਿਰਲੇ ਦੀ ਪੂੰਜੀ ੧੯੫੮-੫੯ ਦੇ ਮੁਕਾਬਲੇ ੧੯੬੯-੭੦ ਵਿਚ ਲਗ ਪਗ ਤਿੰਨ ਗੁਣਾ ਹੋ ਗਈ ਹੈ। ੧੯੬੬-੬੭ ਤੋਂ ੧੯੬੯-੭੦ ਤਕ ਹੀ ਟਾਟੇ ਦੀ ਪੂੰਜੀ ੫੧੯ ਕਰੋੜ ਤੋਂ ੬੩੯-੫੦ ਕਰੋੜ ਹੋ ਗਈ ਹੈ। ਭਾਰਤ ਦੇ ਵੱਡੇ ੫੬ ਸਰਕਾਰੀ ਪ੍ਰੋਜੈਕਟਾਂ ਵਿਚੋਂ ਕੋਈ ਵੀ ਬਿਦੇਸ਼ਾਂ ਦੀ 'ਭਾਈਵਾਲੀ' ਤੋਂ ਬਿਨਾਂ ਨਹੀਂ ਉੱਸਰ ਸਕਿਆ ਅਤੇ ਨਾ ਹੀ ਉੱਸਰ ਰਿਹਾ ਹੈ (ਇਥੋਂ ਤਕ ਕਿ H.M.T. ਘੜੀਆਂ ਵੀ, ਜਿਸਨੂੰ ਸਾਡਾ ਪ੍ਰੈਸ ਆਪਣੀਆਂ ਕਹਿ ਰਿਹਾ ਹੈ, ਵਿਸਥਾਰ ਲਈ ਪੜ੍ਹੋ ਆਰਸੀ ਦੇ ਨਵੰਬਰ ਅੰਕ ਵਿਚ ਛਪਿਆ ਭਗਵਾਨ ਸਿੰਘ ਜੋਸ਼ ਦਾ ਲੇਖ)। ਸੋ ਇਜਾਰੇਦਾਰ ਦਲਾਲ ਸਰਮਾਏਦਾਰੀ ਇਜਾਰੇਦਾਰ ਕਮਿਸ਼ਨ ਰਾਹੀਂ ਭਾਰਤ ਦੀ ਅਜ਼ਾਦ ਸਰਮਾਏਦਾਰੀ ਨੂੰ ਹਰ ਖੇਤਰ ਵਿਚ ਪਛਾੜ ਰਹੀ ਹੈ ਅਤੇ ਦਲਾਲ ਬਣਨ ਲਈ ਮਜਬੂਰੀ ਕਰ ਰਹੀ ਹੈ। ੧੯੬੦ ਤੋਂ ੧੯੭੦ ਤਕ ਵੱਡੇ ਦਲਾਲਾਂ ਦੀ ਗਿਣਤੀ ਵੀਹ ਤੋਂ ਵਧ ਕੇ ਤੀਹ ਹੋ ਗਈ ਹੈ।

ਬਦੇਸ਼ੀ ਸਰਮਾਏ ਦੀ ਮਿਕਦਾਰ ਵਿਚ ਬੇਸ਼ੁਮਾਰ ਵਾਧਾ, ਮੁਨਾਫਿਆਂ ਦਾ ਵੱਡੀ ਮਿਕਦਾਰ ਵਿਚ ਬਦੇਸ਼ਾਂ ਨੂੰ ਜਾਣਾ, ਹਜ਼ਾਰਾਂ ਦੀ ਗਿਣਤੀ ਵਿਚ ਕਾਇਮ ਭਾਈਵਾਲੀਆਂ ਦੇ ਕਾਰੋਬਾਰ, ਸਰਮਾਏ ਵਾਲੇ ਸਮਾਨਾਂ, ਤਕਨੀਕੀ ਜਾਣਕਾਰੀ, ਫੌਜੀ ਸਮਾਨ ਦੀ ਸਪਲਾਈ, ਹਥਿਆਰ ਬਨਾਉਣ ਦੇ ਕਾਰਖਾਨੇ ਅਤੇ ਫੌਜੀ ਅੱਡਿਆਂ ਦੀ ਉਸਾਰੀ, ਇਥੋਂ ਤਕ ਕਿ ਮੰਡੀ ਲਈ ਵੀ ਸਾਮਰਾਜੀ 'ਮਦਦ, ਉਧਾਰ ਤੇ ਕਰਜ਼' ਉਤੇ ਸਾਡੀ ਲਗਾਤਾਰ ਨਿਰਭਰਤਾ ਅਤੇ ਨਾ-ਬਰਾਬਰ ਵਪਾਰ (Unfavourable Trade) ਨੇ ਸਾਮਰਾਜੀਆਂ ਨੂੰ ਸਾਡੇ ਦੇਸ਼ ਦੇ ਮਾਲਕ ਬਣਾ ਦਿਤਾ ਹੈ। ਇਹ ਸਾਰਾ ਕੁਝ 'ਕੌਮੀ ਸਰਮਾਏਦਾਰੀ ਦੀ ਸਟੇਟ ਵਿਚ ਪ੍ਰਤਿਨਿਧਤਾ' ਦੇ ਹੁੰਦਿਆਂ ਹੋਇਆਂ ਹੋਇਆ ਹੈ। ਸੋ ਭਾਰਤੀ ਸਟੇਟ ਦਾ ਖਾਸਾ ਦਲਾਲ ਸਰਮਾਏਦਾਰੀ ਵਾਲਾ ਹੈ।

ਸਾਡੇ ਦੇਸ਼ ਦੀ ੭੫% ਅਬਾਦੀ ਕਿਸਾਨੀ ਹੈ। ਭਾਰਤ ਦੀ ਅਰਧ-ਜਗੀਰੂ ਆਰਥਕਤਾ ਵਿਚ ਕੁਲ ਜ਼ਮੀਨ ਦਾ ੮੦% ਹਿੱਸਾ ੨੦% ਰਾਜਿਆਂ, ਜਗੀਰਦਾਰਾਂ ਅਤੇ ਧਨੀ ਕਿਸਾਨਾਂ ਕੋਲ ਹੈ, ਜਦ ਕਿ ਭੁੱਖੀ ਕਿਸਾਨ ਜਨਤਾ ਕੋਲ ਜੋ ਪੇਂਡੂ ਅਬਾਦੀ ਦਾ ੮੦% ਹਿੱਸਾ ਹੈ, ਨਾ-ਮਾਤਰ ਜ਼ਮੀਨ ਹੈ, ਜਿਨ੍ਹਾਂ ਨੂੰ ਆਪਣੀ ਸਲਾਨਾ ਪੈਦਾਵਾਰ ਦਾ ੫੦% ਤੋਂ ਵਧ ਲਗਾਨ ਜਗੀਰਦਾਰਾਂ ਨੂੰ ਭੇਂਟ ਕਰਨਾ ਪੈਂਦਾ ਹੈ! ਕਿਸਾਨਾਂ ਦੀ ਬੇਦਖਲੀ ਰੋਜ਼ ਦੀ ਘਟਨਾ ਬਣ ਗਈ ਹੈ।—ਜੋਤੀ ਬਾਸੂ ਨੇ ਪਾਰਲੀਮੈਂਟ ਵਿਚ ਕਿਹਾ ਹੈ ਕਿ ਯੂ. ਪੀ. ਦੇ ਲੋਕ ਅਜੇ ਵੀ ਗੋਹੇ ਵਿਚੋਂ

ਖੁਰਾਕ ਚੁਣ ਚੁਣ ਖਾਂਦੇ ਹਨ। ਪ੍ਰੋ: ਸਾਹਿਬ! ਜਿਸ ਦੇਸ਼ ਵਿਚ ਇਹ ਸਭ ਕੁਝ ਹੋ ਰਿਹਾ ਹੈ, ਲੋਕ ਜਗੀਰਦਾਰੀ ਅਤੇ ਇਜਾਰੇਦਾਰੀ ਦੇ ਜੇਬਰ ਹੇਠਾਂ ਪਿੱਸ ਰਹੇ ਹੋਣ, ਕੀ ਉਥੋਂ ਦੀ ਸਰਕਾਰ ਵਿਚ ਕੌਮੀ ਸਰਮਾਏਦਾਰੀ ਪ੍ਰਭਾਵ ਵੇਖਣਾ ਹਰੀਆਂ ਐਨਕਾਂ ਲਾ ਕੇ ਹਰਿਆਈ ਵੇਖਣ ਦੇ ਬਰਾਬਰ ਨਹੀਂ ? ਅਜਿਹੀ ਨਾਂ-ਮਾਤਰ ਕੌਮੀ ਸਰਮਾਏ-ਦਾਰੀ ਵਾਲੀ ਕਾਂਗਰਸ ਦੀ ਮਦਦ ਕਰਕੇ ਕੁਝ ਵੱਢਣਾ, ਪਾਣੀ ਵਿਚ ਮਧਾਣੀ ਪਾ ਕੇ ਬਾਹਾਂ ਥਕਾਉਣ ਵਾਲੀ ਗੱਲ ਹੈ।

ਕੌਮੀ ਸਰਮਾਏਦਾਰੀ ਆਪਣੇ ਪੈਰਾਂ ਤੇ ਖੜੋਂਦੀ ਹੈ ਅਤੇ ਸਾਮਰਾਜ ਅਤੇ ਜਗੀਰਦਾਰੀ ਦੀਆਂ ਜੜ੍ਹਾਂ ਕੱਟਦੀ ਹੈ। ਸਾਡੇ ਦੇਸ਼ ਵਿਚ ਜਿੱਥੇ ਸਾਮਰਾਜ ਅਤੇ ਜਗੀਰਦਾਰੀ ਆਰਥਕਤਾ ਉਤੇ ਜੱਫਾ ਮਾਰੀ ਬੈਠੇ ਹਨ। ਉਥੋਂ ਦੀ ਸਟੇਟ ਵਿਚ ਕੌਮੀ ਸਰਮਾਏਦਾਰੀ ਦਾ ਹੋਣਾ ਅਤੇ ਉਸਦੀ ਉਸੇ ਪਾਰਟੀ ਵਿਚਲੇ ਇਜਾਰੇਦਾਰਾਂ ਨਾਲ ਟਕਰ 'ਤਿੱਖੀ' ਹੋਣੀ ਕੀ ਹਾਸੋਹੀਣੀ ਗਲ ਨਹੀਂ ?

ਪ੍ਰੋ: ਸਾਹਿਬ ਕਹਿੰਦੇ ਹਨ ਕਿ ਇਨਕਲਾਬੀ ਸਫਾਂ ਵਿਚ ਫੁੱਟ ਦਾ ਕਾਰਨ ਸੀ. ਪੀ. ਆਈ. ਨਹੀਂ ਸਗੋਂ ਵਿਰੋਧੀ ਕਮਿਊਨਿਸਟਾਂ ਦਾ ਵਾਕ ਆਊਟ ਸੀ। ਪ੍ਰੋ: ਸਾਹਿਬ! ਗੁਰਸ਼ਰਨ ਜੀ ਨੇ ਇਹ ਗਲ ਇਸ ਸੰਦਰਭ ਵਿਚ ਤਾਂ ਕਹੀ ਹੀ ਨਹੀਂ ਹੈ। ਉਹਨਾਂ ਤਾਂ ਇਹੋ ਕਿਹਾ ਹੈ ਕਿ ਸੀ. ਪੀ. ਆਈ. ਨੇ ਜਗੀਰਦਾਰ ਤੇ ਇਜਾਰੇਦਾਰਾਂ ਨਾਲ ਭਿਆਲੀ ਪਾ ਕੇ ਤੇ ਜਮਹੂਰੀ ਪਲੇਟ ਫਾਰਮ ਛੱਡ ਕੇ ਇਨਕਲਾਬੀ ਸਫਾਂ ਵਿਚ ਫੁੱਟ ਪਾਈ ਹੈ। ਉਹਨਾਂ ਦਾ ਭਾਵ ਕਮਿਊਨਿਸਟ ਪਾਰਟੀ ਦੀ ਫੁੱਟ ਤੋਂ ਨਹੀਂ ਸੀ ਸਗੋਂ ਜਮਹੂਰੀ ਮੋਰਚੇ ਦੀ ਫੁੱਟ ਤੋਂ ਸੀ। ਤੇ ਇਹ ਦਰੁਸਤ ਹੈ ਕਿ ਇਸ ਦੀ ਜ਼ਿੰਮੇਵਾਰ ਆਪ ਦੀ ਸੀ. ਪੀ. ਆਈ. ਹੈ। ਹਾਂ! ਤੁਹਾਡੀ ਗਲ ਨੂੰ ਵੀ ਲੈ ਲੈਂਦੇ ਹਾਂ। ਕੀ ਵਿਰੋਧੀ ਕਮਿਊਨਿਸਟ ਇਸ ਲਈ ਪਾਰਟੀ ਵਿਚ ਸ਼ਾਮਲ ਹੋਏ ਸੀ ਕਿ ਕੋਈ ਮਾਰਕਸਵਾਦ ਦੇ ਸੱਭੇ ਅਸੂਲ ਛਿੱਕੇ ਟੰਗ ਦੇਵੇ ? ਕੀ ਉਸ ਸਮੇਂ ਚੀਨ ਨੂੰ 'ਹਮਲਾਵਰ' ਕਹਿਣਾ ਤੇ ਭਾਰਤੀ ਦਲਾਲ ਸਰਮਾਏਦਾਰੀ ਦੀ ਪੂਛ ਬਣਨਾ ਪ੍ਰਵਾਨ ਕਰ ਲੈਂਦੇ ? ਇਸ ਦੇ ਸਪਸ਼ਟੀਕਰਣ ਲਈ ਪੰਡਤ ਸੁੰਦਰ ਲਾਲ ਜੀ ਦਾ ਮੇਨ ਸਟਰੀਮ ਵਿਚ ੪ ਨਵੰਬਰ ੧੯੭੨ ਜਾਂ ਕਿਰਤੀ ਯੁਗ ਦਸੰਬਰ ੧੯੭੩ ਵਿਚ (ਅਨੁਵਾਦ) ਛਪਿਆ ਲੇਖ 'ਭਾਰਤ ਚੀਨ ਸਰਹੱਦੀ ਝਗੜਾ' ਪੜ੍ਹ ਸਕਦੇ ਹੋ ਕਿ ਹਮਲਾਵਰ ਕੌਣ ਸੀ। ਕੀ ਸੀ. ਪੀ. ਆਈ. ਕੌਮਾਂਤਰੀ ਪੱਧਰ ਤੇ 'ਪੁਰ-ਅਮਨ ਸਹਿ-ਹੋਂਦ', 'ਪੁਰ-ਅਮਨ ਮੁਕਾਬਲਾ' ਅਤੇ 'ਪੁਰ-ਅਮਨ ਤਬਦੀਲੀ' ਦੇ ਸੋਧਵਾਦੀ ਠੇਕੇਦਾਰਾਂ ਦੇ ਪਿਛੇ ਲਗ ਕੇ ਮਾਰਕਸਵਾਦ ਤੋਂ ਭਾਂਜ ਨਹੀਂ ਖਾ ਗਈ ਸੀ ? ਕੀ ੧੯੬੪ ਦੀ ਕਾਂਗਰਸ (ਸਾਂਝੀ) ਕਾਂਗਰਸ ਪ੍ਰਤੀ ਰਵੱਈਏ ਦੇ ਅਧਾਰ ਤੇ ਦੋ ਹਿੱਸਿਆਂ ਵਿਚ ਨਹੀਂ ਵੰਡੀ ਗਈ ਸੀ ? ਵਿਰੋਧੀ ਕਮਿਊਨਿਸਟ ਉਸ ਸਮੇਂ ਕੀ ਕਰਦੇ ? ਉਹ ਮਾਰਕਸਵਾਦ ਨਾਲ ਗ਼ਦਾਰੀ ਕਰਨ ਲਈ ਹੋਰ ਸਮਾਂ ਸੀ. ਪੀ. ਆਈ. ਵਿਚ ਕਿਵੇਂ ਰਹਿ ਸਕਦੇ ਸਨ ? ਉਹਨਾਂ ਨੇ ੧੯੬੪ ਦੀ ਕਾਂਗਰਸ (ਸਾਂਝੀ) ਵਿਚੋਂ ਵਾਕ ਆਊਟ ਕਰਕੇ ਆਪਣਾ ਮਾਰਕਸਵਾਦੀ ਫਰਜ਼ ਨਿਭਾਇਆ ਹੈ ਤੇ ੧੯੬੭ ਵਿਚ ਇਨਕਲਾਬੀਆਂ ਨੇ ਸੀ. ਪੀ. ਐਮ. ਵਿਚੋਂ ਬਗਾਵਤ ਕਰ ਕੇ ਆਪਣਾ ਫਰਜ਼ ਨਿਭਾਇਆ ਹੈ ਜਦੋਂ ਕਿ ਸੀ. ਪੀ. ਆਈ. (ਐਮ) ਨੇ ਵੀ ਸੋਸ਼ਲ-ਡੈਮੋਕਰੇਟਾਂ ਵਾਲਾ ਰਾਹ ਨੂੰ ਫੜ ਲਿਆ ਅਤੇ ਪਾਰਲੀਮੈਂਟ ਦੇ ਘਸੇ ਪਿੱਟੇ ਰਾਹ ਅਪਣਾ ਕੇ ਹਥਿਆਰ ਬੰਦ ਘੋਲ ਨਾਲ ਗ਼ਦਾਰੀ ਕੀਤੀ। ਪ੍ਰੋ: ਸਾਹਿਬ! ਗ਼ਦਾਰਾਂ ਦੀ ਜੁੰਡਲੀ ਵਿਚ ਬਹਿ ਕੇ ਡੈਮੋਕਰੇਟਿਕ ਸੈਂਟਰਲਿਜ਼ਮ ਦਾ ਢੰਡੋਰਾ ਪਿੱਟਦੇ ਰਹਿਣਾ ਕਿੱਧਰਲਾ ਮਾਰਕਸਵਾਦ ਹੈ ?

ਕੀ ਹੁਣ ਸੀ. ਪੀ. ਆਈ. ਕੇਰਲਾ ਅਤੇ ਬੰਗਾਲ ਦੀਆਂ ਸਰਕਾਰਾਂ ਵਿਚ ਬੈਠੀ ਇਜਾਰੇਦਾਰਾਂ ਤੇ ਜਗੀਰ-ਦਾਰਾਂ ਦੀ ਸੇਵਾ ਨਹੀਂ ਕਰ ਰਹੀ ? ਕੇਰਲਾ ਦੀ ਮੁਸਲਮ ਲੀਗ ਤੇ ਸੀ. ਪੀ. ਆਈ. ਕੁਲੀਸ਼ਨ ਕਿਸ ਦੇ ਵਿਰੁਧ ਹੈ। ਕੀ ਤੁਹਾਡੀਆਂ ਕੁਲੀਸ਼ਨ ਸਰਕਾਰਾਂ ਲੋਕਾਂ ਦੇ ਅਗਾਂਹ-ਵਧੂ ਘੋਲਾਂ ਨੂੰ ਕੁਚਲ ਨਹੀਂ ਰਹੀਆਂ ? ਕੇਰਲਾ ਦੇ ਮੁਲਾਜ਼ਮਾਂ ਨਾਲ ਕੀਤੀ ਸਿੱਧੀ ਬੇਇਨਸਾਫੀ ਇਸ ਗੱਲ ਦਾ ਨੰਗਾ ਚਿੱਟਾ ਸਬੂਤ ਹੈ। ਕੁਲੀਸ਼ਨ ਸਰਕਾਰ ਵਿਚ ਜਾਣਾ ਗੁਰਸ਼ਰਨ ਜੀ ਅਨੁਸਾਰ 'ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ' ਕਰਵਾਉਣ ਵਾਲੀ ਗੱਲ ਹੈ। ਸੀ. ਪੀ. ਆਈ. ਤੇ ਸੀ. ਪੀ. ਐਮ. ਨੇ ਇਹੋ ਕੁਝ ਕੀਤਾ ਹੈ ਅਤੇ ਇਨਕਲਾਬੀ ਸਫਾਂ ਵਿਚ ਫੁੱਟ ਪਾਈ ਹੈ। ਕੁਲੀਸ਼ਨ ਮੰਤ੍ਰੀ ਮੰਡਲਾਂ ਬਾਰੇ ਲੈਨਿਨ ਦੀ ਸਮਝ ਸੋਧਵਾਦੀ ਤਿਆਗ ਚੁਕੇ ਹਨ।

"ਸਭ ਪ੍ਰਕਾਰ ਦੇ ਕੁਲੀਸ਼ਨ ਮੰਤਰੀ ਮੰਡਲਾਂ ਅਧੀਨ ਜਿਹਨਾਂ ਵਿਚ ਸੋਸ਼ਲਿਸਟ ਸ਼ਾਮਲ ਹੁੰਦੇ ਹਨ, ਹੁੰਦਾ ਹਮੇਸ਼ਾ ਇਹ ਹੈ ਕਿ ਸੋਸ਼ਲਿਸਟ ਵਿਅਕਤੀਗਤ ਰੂਪ ਵਿਚ ਪੂਰਨ ਸੁਹਿਰਦ ਹੁੰਦਿਆਂ ਹੋਇਆਂ ਵੀ ਵਾਸਤਵ ਵਿਚ

ਜਾਂ ਤਾਂ ਬੁਰਜੁਆ ਸਰਕਾਰ ਦਾ ਬੇਲੋੜਾ ਸ਼ਿੰਗਾਰ ਜਾਂ ਉਸ ਲਈ ਇਕ ਪ੍ਰਕਾਰ ਦਾ ਪਰਦਾ ਹੁੰਦੇ ਹਨ। ਉਹ ਇਕ ਪ੍ਰਕਾਰ ਦੇ ਅਸਮਾਨੀ ਬਿਜਲੀ ਤੋਂ ਬਚਾਉਣ ਵਾਲੇ ਕੰਡਕਟਰ ਹੁੰਦੇ ਹਨ, ਜੋ ਸਰਕਾਰ ਵਿਰੁਧ ਲੋਕਾਂ ਦੇ ਰੋਹ ਨੂੰ ਲਾਂਭੇ ਲਿਜਾਂਦੇ ਹਨ ਤੇ ਲੋਕਾਂ ਨੂੰ ਧੋਖਾ ਦੇਣ ਲਈ ਸਰਕਾਰ ਦਾ ਇਕ ਪ੍ਰਕਾਰ ਹਥਿਆਰ ਹੋ ਨਿਬੜਦੇ ਹਨ।"

(ਸਤੰਬਰ ੨੭ (੧੪) ੧੯੧੭ ਲੈਨਿਨ ਸੰਗ੍ਰਹਿ ਕ੍ਰਿਤਾਂ ਜਿਲਦ ੩੫)

ਸੋ ਪ੍ਰੋ: ਸਾਹਿਬ ! ਤੁਹਾਡੀ 'ਮਹਾਂ-ਇਨਕਲਾਬੀ' ਪਾਰਟੀ 'ਲਾਲ ਲੰਗੋਟੇ' ਲਾ ਕੇ ਇਜਾਰੇ ਭਾਰਤ ਦੀ ਦਲਾਲ ਸਰਮਾਏਦਾਰੀ, ਜਗੀਰਦਾਰੀ ਦੀ ਸੇਵਾ ਵਾਲੀ ਝੰਡੀ ਪੁੱਟਣ ਲਈ ਅਤਿਅੰਤ ਸਰਗਰਮ ਹੋ ਕੇ ਮੈਦਾਨ ਵਿਚ ਕੁੱਦ ਪਈ ਹੈ।

ਪਰ ਸਮਾਂ ਆ ਗਿਆ ਹੈ ਲੋਕ 'ਮਜ਼ਦੂਰ ਜਮਾਤ ਵਿਚ ਲੁਕੇ ਹੋਏ ਸਰਮਾਏਦਾਰਾਂ ਦੇ ਸਭ ਪ੍ਰਕਾਰ ਦੇ ਏਜੰਟਾਂ ਨੂੰ ਪਛਾਣ ਲੈਣਗੇ। ਕਿਉਂਕਿ ਇਨਕਲਾਬੀ ਪਿੜ ਵਿਚ:

"ਅਮਲਾਂ ਤੇ ਹੋਣਗੇ ਨਬੇੜੇ
ਜ਼ਾਤ ਕਿਸੇ ਪੁੱਛਣੀ ਨਹੀਂ"

o

# ਕਮਿਊਨਿਸਟ ਕੇਡਰ ਵਿਚ ਏਕਤਾ ਦਾ ਸਵਾਲ (੪)

—ਦੇਵਾ ਸਿੰਘ ਮਾਹਲਾ

'ਸਰਦਲ' ਨਵੰਬਰ ਦੇ ਪਰਚੇ ਵਿਚ ਸ੍ਰੀ ਗੁਰਸ਼ਰਨ ਸਿੰਘ ਵਲੋਂ 'ਕਮਿਊਨਿਸਟ ਕੇਡਰ' ਦੇ ਨਾਮ ਇਕ ਲੇਖ, ਉਕਤ ਇਨਵਾਨ ਥੱਲੇ ਆਪਣੇ ਨਿਜੀ ਤਜਰਬੇ ਦੇ ਆਧਾਰ ਤੇ ਲਿਖਿਆ ਪੜ੍ਹਿਆ ਹੈ। ਜਿਸ ਵਿਚ ਕਮਿਊਨਿਸਟਾਂ ਵਿਚਕਾਰ ਆਪਸੀ ਮਤਭੇਦਾਂ ਦਾ ਜ਼ਿਕਰ ਕਰਦੇ ਹੋਇਆਂ ਉਨ੍ਹਾਂ ਪਾਰਟੀ ਦੇ ਚੌਧਰੀਆਂ ਦੀ ਕੱਟੜ-ਪੰਥੀ ਸੋਚ ਨੂੰ ਫੁਟ ਦਾ ਜ਼ਿਮੇਂਵਾਰ ਦੱਸਿਆ ਹੈ ਅਤੇ ਅੰਤ ਵਿਚ ਤਿੰਨਾਂ ਕਮਿਊਨਿਸਟ ਪਾਰਟੀਆਂ ਨੂੰ ਅਮਲੀ ਸਿਆਸਤ ਵਿਚ ਇਕ ਮੁੱਠ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ ਹੈ।

ਸ੍ਰੀ ਗੁਰਸ਼ਰਨ ਸਿੰਘ ਦੀ ਆਸ਼ਾ ਬੜੀ ਪਵਿੱਤਰ ਤੇ ਮਨਸ਼ਾ ਬਿਲਕੁਲ ਸਾਫ ਹੈ। ਪਰ ਉਹ ਮਤਭੇਦਾਂ ਦੀ ਅਸਲ ਜੜ੍ਹ ਨੂੰ ਸਮਝੇ ਬਿਨਾਂ ਆਪਣਾ ਇਹ ਪਵਿੱਤਰ ਮਨਸ਼ਾ ਪੂਰਾ ਨਹੀਂ ਕਰ ਸਕਦੇ। ਇਨ੍ਹਾਂ ਮਤਭੇਦਾਂ ਪਿਛੇ ਇਕ ਇਤਿਹਾਸ ਹੈ ਅਤੇ ਅਗੇ ਤੋਂ ਭੀ ਕਰਨ ਵਾਲੇ ਕੰਮ ਇਨ੍ਹਾਂ ਪਿਛਲੀਆਂ ਸੋਚਾਂ ਦੇ ਆਧਾਰ ਤੇ ਹੀ ਨਿਕਲਦੇ ਹਨ।

ਕਮਿਊਨਿਸਟ ਪਾਰਟੀ ਤੇ ਮਾਰਕਸੀ ਪਾਰਟੀ ਵਿਚ ਤਾਂ ਕੋਈ ਬੁਨਿਆਦੀ ਮਤਭੇਦ ਨਹੀਂ ਹਨ ਅਤੇ ਉਹ ਮਿਲ ਕੇ ਸਾਂਝੀਆਂ ਵਜ਼ਾਰਤਾਂ ਬਣਾ ਕੇ ਅਤੇ ਕਈ ਥਾਈਂ ਇਕ ਮੁੱਠ ਹੋ ਕੇ ਆਪਣੀ ਤਾਕਤ ਨੂੰ ਅਜ਼ਮਾ ਵੀ ਚੁਕੇ ਹਨ। ਪਰ ਕਮਿਊਨਿਸਟ ਪਾਰਟੀ (ਮਾਰਕਸੀ-ਲੈਨਿਨੀ) ਦਾ ਦੇਸ਼ ਦੀਆਂ ਹਾਲਤਾਂ ਬਾਰੇ ਨਿਰਣਾ ਦੋਹਾਂ ਕਮਿਊਨਿਸਟ ਪਾਰਟੀਆਂ ਤੋਂ ਵੱਖਰਾ ਤੇ ਭਿੰਨ ਭੇਦ ਵਾਲਾ ਹੈ ਅਤੇ ਦੋਵੇਂ ਪਾਰਟੀਆਂ ਖੱਬੇ ਸੱਜੇ ਤੋਂ ਕਮਿਊਨਿਸਟ ਪਾਰਟੀ (ਐਮ.ਐਲ.) ਤੇ ਹਮਲੇ ਕਰਦੀਆਂ ਆ ਰਹੀਆਂ ਹਨ। ਜੂਨ ੧੯੬੭ ਦੀ ਨਕਸਲਬਾੜੀ ਦੀ ਕਿਸਾਨ ਬਗ਼ਾਵਤ ਦਾ ਉਨ੍ਹਾਂ ਵਿਰੋਧ ਹੀ ਨਹੀਂ ਕੀਤਾ, ਸਗੋਂ ਪਾਰਟੀ ਦੇ ਈਮਾਨਦਾਰ ਕੇਡਰ ਨੂੰ ਪਾਰਟੀ 'ਚੋਂ ਕੱਢ ਕੇ ਅੱਤਵਾਦੀ, ਉਲਟ-ਇਨਕਲਾਬੀ ਆਦਿ ਕਹਿ ਕੇ ਭੰਡਿਆ ਤੇ ਸਰਕਾਰ ਦੀ ਜਬਰ ਦੀ ਨੀਤੀ ਦਾ ਸਾਥ ਦਿੱਤਾ। ਮਾਰਕਸੀ ਲੈਨਿਨੀ ਪਾਰਟੀ ਵਾਲੇ ੧੯੪੭ ਦੀ 'ਅਜ਼ਾਦੀ' ਨੂੰ ਇਨਕਲਾਬ ਵਿਰੋਧਤਾ ਦੇ ਦੌਰ ਦਾ ਆਰੰਭ ਸਮਝਦੇ ਹਨ ਅਤੇ ਹਿੰਦੁਸਤਾਨ ਦੀ ਹਕੂਮਤ ਨੂੰ ਸਾਮਰਾਜੀਆਂ ਦੀ ਪਿੱਠੂ ਅਤੇ ਫਰਮਾਬਰਦਾਰ ਖਿਆਲ ਕਰਦੇ ਹਨ। ਇਤਿਹਾਸਿਕ ਤੌਰ ਤੇ ਦੇਖਣ ਤੋਂ ਭੀ ਪਤਾ ਲਗਦਾ ਹੈ ਕਿ ਕਦੇ ਭੀ ਹਿੰਦ ਸਰਕਾਰ ਨੇ ਸਾਮਰਾਜੀਆਂ ਤੋਂ ਲੀਹ ਪਾੜ ਕੇ ਉਸ ਦੀ ਵਿਰੋਧਤਾ ਨਹੀਂ ਕੀਤੀ। ਜੂਨ ੧੯੫੦ ਵਿਚ ਕੋਰੀਆ ਦੀ ਜੰਗ ਵਿਚ ਅਮਰੀਕੀ ਸਾਮਰਾਜ ਦਾ ਸਾਥ ਦੇ ਕੇ, ਮਲਾਇਆ ਦੀ ਜੰਗਿ-ਅਜ਼ਾਦੀ ਨੂੰ ਦਬਾਉਣ ਲਈ ਗੋਰਖਾ ਫੌਜਾਂ ਘੱਲੀਆਂ। ੧੯੬੨ ਨੂੰ ਚੀਨ ਉਤੇ ਹਮਲਾ ਕੀਤਾ ਅਤੇ ਉਲਟਾ ਚੀਨ ਨੂੰ ਹਮਲਾਵਰ ਕਿਹਾ, ਜਦ ਕਿ ਚੀਨ ਹਕੀਕੀ ਕੰਟਰੋਲ ਲਾਈਨ ਜਾਂ ਕਬਜ਼ੇ ਵਾਲੀ ਥਾਂ ਛੱਡ ਕੇ ਹੀ ਹੱਦੋਂ ਤੋਂ ੨੦ ਕਿਲੋ ਮੀਟਰ ਪਿਛੇ ਹਟ ਗਿਆ ਅਤੇ ਹਿੰਦ ਸਰਕਾਰ ਨੂੰ ਭੀ ਅਜਿਹਾ ਕਰਨ ਲਈ ਕਿਹਾ, ਤਾਂ ਜੋ ਫੌਜਾਂ ਵਿਚ ਝੜੱਪ ਜਾਂ ਟੱਕਰ ਨਾ ਹੋ ਸਕੇ, ਪਰ ਹਿੰਦ ਸਰਕਾਰ ਨੇ

ਅਜਿਹਾ ਸੁਝਾਅ ਚੀਨ ਦਾ ਮੰਨਣ ਤੋਂ ਨਾਂਹ ਕਰ ਦਿਤੀ, ਪਰ ਮੁੜ ਹਮਲਾ ਕਰਨ ਦੀ ਜੁਰਅਤ ਨਾ ਕੀਤੀ।

੧੯੬੫ ਵਿਚ ਹਿੰਦ-ਪਾਕ ਟੱਕਰ ਵਿਚ ਸੀ.ਪੀ.ਆਈ. (ਹਿੰਦ ਕਮਿਊਨਿਸਟ ਪਾਰਟੀ) ਨੇ ਭਾਰਤ ਸਰਕਾਰ ਦੀ ਹਮਾਇਤ ਕੀਤੀ, ਜਦ ਕਿ ਕੋਈ ਸੱਚਾ ਕਮਿਊਨਿਸਟ ਜਿਸ ਨੂੰ ਕੌਮਾਂਤਰੀ ਮਜ਼ਦੂਰ ਜਮਾਤ ਦੇ ਭਰੱਪਣ ਵਿਚ ਭਰੋਸਾ ਹੈ। ਕਦੇ ਭੀ ਅਜਿਹੀ ਜੰਗ ਵਿਚ, ਜੋ ਭਰਾ ਨੂੰ ਭਰਾ ਨਾਲ ਲੜਾਉਂਦੀ ਹੋਵੇ, ਹਮਾਇਤ ਨਹੀਂ ਕਰ ਸਕਦਾ। ਹਿੰਦ ਪਾਕ ਜੰਗ ਦਰ-ਅਸਲ ਇਕੋ ਦੇਸ਼ ਦੀ ਜਨਤਾ, ਮਜ਼ਦੂਰਾਂ ਤੇ ਕਿਸਾਨਾਂ ਨੂੰ ਸਰਮਾਇਦਾਰੀ ਲਾਭਾਂ ਲਈ ਲੜਾਉਣਾ ਸੀ। ਜਿਹੜੀ ਪਾਰਟੀ ਭਰਾ-ਮਾਰ ਜੰਗਾਂ ਦੀ ਹਮਾਇਤ ਕਰੇ ਉਹ ਕਮਿਊਨਿਸਟ ਕਹਾਉਣ ਦੀ ਹੱਕਦਾਰ ਨਹੀਂ।

ਇਸੇ ਤਰ੍ਹਾਂ ਇਹ ਹਿੰਦ ਕਮਿਊਨਿਸਟ ਪਾਰਟੀ ਕਮਿਊਨਿਸਟ ਸਿਧਾਂਤਾਂ ਦੀ ਉਲੰਘਣਾ ਕਰ ਕੇ ਅਤੇ ਬੁਰਜੂਆਜ਼ੀ ਦੀ ਪਿਛਲੱਗ ਬਣ ਕੇ ਗਲ ਸੜ ਕੇ ਖ਼ਤਮ ਹੋ ਚੁੱਕੀ ਹੈ। ਇਸ ਵਿਚ ਕਮਿਊਨਿਸਟਾਂ ਵਾਲਾ ਗੁਣ ਨਹੀਂ ਰਿਹਾ ਅਤੇ ਨਾ ਹੀ ਉਹ ਕਮਿਊਨਿਸਟ ਪਾਰਟੀ ਦੇ ਪ੍ਰੋਗਰਾਮ ਮੁਤਾਬਿਕ ਚਲਦੀ ਹੈ। ਇਸ ਨੇ ਪੂਰਬੀ ਬੰਗਾਲ ਉਤੇ ਹਿੰਦੁਸਤਾਨੀ ਫੌਜੀ ਚੜ੍ਹਾਈ ਦੀ ਹਮਾਇਤ ਕਰ ਕੇ ਅਤੇ ਬੰਗਲਾ ਦੇਸ਼ ਦੀ ਝੂਠੀ 'ਖ਼ੁਦ ਮੁਖ਼ਤਿਆਰੀ ਤੇ ਅਜ਼ਾਦੀ' ਦਾ ਸ਼ੋਰ ਮਚਾ ਕੇ ਨਾ ਸਿਰਫ਼ ਆਪਣੀਆਂ ਸਫ਼ਾਂ ਨੂੰ ਧੋਖਾ ਦਿੱਤਾ ਹੈ, ਸਗੋਂ ਹਿੰਦੁਸਤਾਨੀ ਜਨਤਾ ਨੂੰ ਵੀ ਧੋਖਾ ਦੇਣ ਦਾ ਯਤਨ ਕੀਤਾ ਹੈ।

ਇਸ ਪਾਰਟੀ ਦੇ ਸਿਰਕੱਢ ਆਗੂ ਚੀਨ ਦੇ ਮਹਾਨ ਲੀਡਰ ਮਾਉਜ਼ੇਤੁੰਗ ਦਾ ਝੂਠਾ ਵਿਰੋਧ ਕਰ ਕੇ ਸਰਮਾਇ-ਦਾਰੀ ਤੇ ਸਾਮਰਾਜ ਦੇ ਬੂਟ ਚੱਟ ਲਏ ਹੋਏ ਹਨ। ਅਜਿਹੀ ਪਾਰਟੀ ਨੂੰ ਮਜ਼ਦੂਰਾਂ ਦੀ ਇਨਕਲਾਬੀ ਰਾਜਸੀ ਪਾਰਟੀ ਮੰਨਣ ਵਾਲੇ ਅਕਲ ਦੇ ਅੰਨ੍ਹੇ ਤੇ ਬੇਈਮਾਨ ਹੀ ਹੋ ਸਕਦੇ ਹਨ। ਕੋਈ ਸੱਚਾ ਕਮਿਊਨਿਸਟਅਜਿਹੇ ਅਨਮਾਰਕਸੀ, ਇਨਕਲਾਬ ਵਿਰੋਧੀ ਅਤੇ ਪੈਰ ਪੈਰ ਤੇ ਬਦਲੂ ਤੇ ਥਿੜਕੂ ਅਨਸਰਾਂ ਨਾਲ ਮਿਲ ਕੇ ਨਹੀਂ ਚਲ ਸਕਦਾ। ਕਮਿਊਨਿਸਟ ਲਹਿਰ ਦਾ ਇਤਿਹਾਸ ਦਸਦਾ ਹੈ ਕਿ ਇਸ ਦੀਆਂ ਸਫ਼ਾਂ ਵਿਚ ਕੁਝ ਮੌਕਾਪ੍ਰਸਤ, ਈਨ-ਮੰਨੂ ਤੇ ਚੌਧਰ ਦੇ ਭੁਖੇ ਘੁਸ ਕੇ ਪਾਰਟੀ ਨੂੰ ਨੁਕਸਾਨ ਪੁਚਾਣ ਜਾਂ ਆਪਣੇ ਸਵਾਰਥਾਂ ਲਈ ਵਰਤਣ ਦੀ ਕੋਸ਼ਿਸ਼ ਕਰਦੇ ਹਨ ਜਾਂ ਇਸ ਨੂੰ ਮਾਰਕਸ ਤੇ ਲੈਨਿਨ ਦੇ ਅਸੂਲਾਂ ਦੇ ਉਲਟ ਚਲਾਉਣਾ ਚਾਹੁੰਦੇ ਹਨ। ਜਿਨ੍ਹਾਂ ਨੂੰ ਪਾਰਟੀ ਵਿਚੋਂ ਛਾਂਟ ਕੇ ਬਾਹਰ ਕੱਢ ਦਿਤਾ ਜਾਂਦਾ ਹੈ ਜਾਂ ਸੋਧਵਾਦੀ ਵਿਚਾਰ ਫੈਲਾਉਣ ਵਾਲਿਆਂ ਨੂੰ ਸਹੀ ਤੇ ਇਨਕਲਾਬੀ ਪਾਰਟੀਆਂ ਆਪਣੀਆਂ ਸਫ਼ਾਂ ਵਿਚੋਂ ਕੱਢ ਕੇ ਸਗੋਂ ਤਕੜੀਆਂ ਤੇ ਸੇਹਤਮੰਦ ਹੁੰਦੀਆਂ ਹਨ। ਇਸ ਲਈ ਅਜੇਹੇ ਅਨਸਰਾਂ ਦੀ ਕਮਿਊਨਿਸਟ ਲਹਿਰ ਵਿਚ ਕਿਤੇ ਥਾਂ ਨਹੀਂ ਹੈ। ਇਨ੍ਹਾਂ ਨਾਲ ਏਕਤਾ ਤਾਂ ਇਕ ਪਾਸੇ ਰਹੀ।

ਅਜਿਹੀਆਂ ਪਾਰਟੀਆਂ ਆਪਣੇ ਆਪ ਹੀ ਜਨਤਾ ਵਿਚੋਂ ਨਿਖੜ ਕੇ, ਤੇ ਬਦਨਾਮ ਹੋ ਕੇ ਆਪਣੀ ਸਾਖ ਤੇ ਇਜ਼ਤ ਗੰਵਾ ਲੈਂਦੀਆਂ ਹਨ। ਇਤਿਹਾਸ ਵਿਚ ਅਜੇਹਾ ਕਈ ਹੋਰਨਾਂ ਦੇਸਾਂ ਵਿਚ ਵੀ ਹੋਇਆ ਹੈ। ਇਟਲੀ ਤੇ ਫਰਾਂਸ ਦੀਆਂ ਬਹੁਤ ਵੱਡੀਆਂ ਪਾਰਟੀਆਂ ਜੋ ਦੂਜੀ ਵੱਡੀ ਜੰਗ ਤੋਂ ਪਹਿਲਾਂ ਤੇ ਮਗਰੋਂ ੧੯੪੯ ਤਕ ਬਹੁਤ ਬਲਵਾਨ ਸਮਝੀਆਂ ਜਾਂਦੀਆਂ ਸਨ, ਆਪਣੀਆਂ ਗਲਤ ਨੀਤੀਆਂ ਕਰਕੇ ਕਮਜ਼ੋਰ ਹੋ ਕੇ ਜਨਤਾ ਵਿਚੋਂ ਆਪਣੀ ਤਾਕਤ ਤੇ ਰਸੂਖ ਗੰਵਾ ਚੁਕੀਆਂ ਹਨ ਅਤੇ ਸਹੀ ਵਿਚਾਰਾਂ ਤੋਂ ਬਿਨਾਂ ਕੋਈ ਕੰਮ ਦਰੁਸਤ ਨਹੀਂ ਹੋ ਸਕਦਾ। ਜਦ ਇਹ ਪਾਰਟੀਆਂ ਚਲ ਹੀ ਗਲਤ ਵਿਚਾਰਾਂ ਤੇ ਰਹੀਆਂ ਹਨ ਅਤੇ ਇਨ੍ਹਾਂ ਦੇ ਸਾਹਮਣੇ ਪਾਰਲੀਮੈਂਟਰੀ ਘੋਲ ਹੀ ਨਿਸ਼ਾਨਾ ਹੈ—ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਇਹ ਇਨਕਲਾਬ ਲਈ ਵੀ ਕੰਮ ਕਰਨਗੀਆਂ? ਇਹ ਬੁਰਜਵਾ ਜ਼ਮਹੂਰੀਅਤ ਦੀ ਰਾਖੀ ਦਾ ਇਕਰਾਰ ਕਰਦੀਆਂ ਹਨ, ਪਰ ਬੁਰਜਵਾਜ਼ੀ ਦੀ ਡਿਕਟੇਟਰਸ਼ਿਪ ਨੂੰ ਜਮਹੂਰੀਅਤ ਕਹਿ ਰਹੀਆਂ ਹਨ। ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਜਦ ਵੋਟਰਾਂ ਨੂੰ ਪੋਲਿੰਗ ਬੂਥਾਂ ਤੇ ਹੀ ਨਾ ਜਾਣ ਦਿਤਾ ਤਾਂ ਕਮਿਊਨਿਸਟ ਪਾਰਟੀ ਮਾਰਕਸੀ ਨੂੰ ਆਪਣਾ ੧੯੬੮ ਦਾ ਨਿਰਣਾ ਬਦਲਣਾ ਪਿਆ ਤੇ ਝੱਟ ਇੰਦਰਾ ਹਕੂਮਤ ਨੂੰ ਫਾਸ਼ੀ ਤੇ ਡਿਕਟੇਟਰੀ ਕਹਿਣਾ ਸ਼ੁਰੂ ਕਰ ਦਿਤਾ। ਪਹਿਲਾਂ ਇਨ੍ਹਾਂ ਨੂੰ ਬੁਰਜਵਾਜ਼ੀ ਦਾ ਡਿਕਟੇਟਰੀ ਚੇਹਰਾ ਨਹੀਂ ਦਿਸਿਆ। ਜਦ ਨਕਸਲਬਾੜੀ ਦੀ ਬਗਾਵਤ ਨੂੰ ਦਬਾਉਣ ਲਈ ਡਿਕਟੇਟਰੀ ਕਦਮ ਚੁਕੇ ਗਏ ਤੇ ਅੰਦਰੂਨੀ ਸੁਰਖਸ਼ਾ ਐਕਟ ਦੀ ਬੇਦਰੇਗ ਵਰਤੋਂ ਕੀਤੀ ਗਈ ਸੀ। ਬੰਗਲਾ ਦੇਸ਼ ਲਈ ਜੰਗ ਦੀ ਹਮਾਇਤ ਕਰਕੇ, ਇਸ ਜੰਗ ਨੂੰ ਖੁਦਮੁਖਤਿਆਰੀ ਤੇ ਅਜ਼ਾਦੀ ਲਈ ਜੰਗ ਕਹਿ ਕੇ ਇਹ ਦੋਵੇਂ ਸੱਜੀ ਖੱਬੀ ਕਮਿਊਨਿਸਟ ਪਾਰਟੀਆਂ— ਕਾਂਗਰਸ ਨਾਲ ਸਾਂਝ ਭਿਆਲੀ ਪਾ ਕੇ ਤੇ ਉਸ ਦੇ

ਦ੍ਰਿਸ਼ਟੀਕੋਣ ਨੂੰ ਅਪਣਾ ਕੇ ਬਦਨਾਮ ਹੋ ਚੁਕੀਆਂ ਹਨ। ਇਨ੍ਹਾਂ ਵਿਚ ਈਮਾਨਦਾਰ ਕਮਿਊਨਿਸਟ ਕੇਡਰ ਲਈ ਕੋਈ ਥਾਂ ਹੀ ਨਹੀਂ, ਨਾ ਉਹ ਇਨ੍ਹਾਂ ਨਾਲ ਮਿਲ ਕੇ ਕੰਮ ਕਰ ਸਕਦੇ ਹਨ।

ਸੋ ਅਜੇਹੀਆਂ ਅਪੀਲਾਂ ਤੇ ਪਵਿੱਤਰ ਖਿਆਲ ਕੇਵਲ ਇਕ ਆਦਰਸ਼ਵਾਦੀ ਦੇ ਸੁਪਨੇ ਹਨ। ਜਨਤਕ ਘੋਲਾਂ ਵਿਚ ਜੁਟੇ ਹੋਏ, ਲੜਾਕੂ ਲੋਕ ਅਜੇਹੇ ਭਗੌੜਿਆਂ, ਦੁਸ਼ਮਨ ਦੇ ਏਜੰਟਾਂ ਤੇ ਜਾਸੂਸਾਂ ਨਾਲ ਮਿਲ ਕੇ ਕਦੇ ਕੰਮ ਨਹੀਂ ਕਰਨਗੇ। ਸਗੋਂ ਜੇ ਉਹ ਅਜੇਹੀ ਗਲਤੀ ਕਰਨਗੇ ਤਾਂ ਆਪਣੇ ਆਪ ਨੂੰ ਵੀ ਖਤਮ ਕਰ ਲੈਣਗੇ।

o

# *ਇਕ ਸਾਹਿਤਕ ਗੋਸ਼ਟੀ (੫)*

[੧੮-੧੧-੭੩ ਨੂੰ ਹੋਈ ਸਾਹਿਤਕ ਗੋਸ਼ਟੀ ਬਾਰੇ ਸਾਨੂੰ ਪ੍ਰੋ: ਹਿੰਮਤ ਸਿੰਘ ਸੋਢੀ ਨੇ ਆਪਣੀ ਰੀਪੋਰਟ ਭੇਜੀ ਹੈ। ਇਹ ਰੀਪੋਰਟ ਇਥੋਂ ਅਸੀਂ ਪਾਠਕ-ਲੇਖਕ ਫੋਰਮ ਵਿਚ ਛਾਪ ਕੇ ਚਾਹਵਾਂਗੇ ਕਿ ਕੁਝ ਬੁਨਿਆਦੀ ਨੁਕਤੇ ਜਿਹੜੇ ਇਸ ਵਿਚ ਉਠਾਏ ਗਏ ਹਨ, ਉਸ ਉਤੇ ਵਾਦ-ਵਿਵਾਦ ਹੋ ਸਕੇ। ਇਸ ਲਿਖਤ ਵਿਚ ਵੀ ਭਾਵੇਂ ਕੁਝ ਜ਼ਾਤੀ ਗੱਲਾਂ ਹਨ, ਜਿਨ੍ਹਾਂ ਬਾਰੇ ਇਸ ਅਦਾਰੇ ਦੀ ਸਹਿਮਤੀ ਨਹੀਂ, ਪਰ ਫੇਰ ਵੀ ਬੇਨਤੀ ਜ਼ਰੂਰ ਹੈ ਕਿ ਜ਼ਾਤ ਨਾਲੋਂ ਸਿਧਾਂਤ ਦੀ ਗੱਲ ਕਰਨੀ ਬਹੁਤੀ ਚੰਗੀ ਹੈ। [—ਸੰਪਾਦਕ]

## *ਸਰਬ ਹਿੰਦ ਪੰਜਾਬੀ ਕਾਨਫ੍ਰੰਸ*

—ਹਿੰਮਤ ਸਿੰਘ ਸੋਢੀ

ਕੇਂਦਰੀ ਪੰਜਾਬੀ ਲੇਖਕ ਸਭਾ ਦੀ ਅੰਬਾਲਾ "ਸਰਬ ਹਿੰਦ ਕਾਨਫ੍ਰੰਸ" (੧੮-੧੧-੭੩) ਵਿਚ ਤਿੰਨ ਸਾਹਿਤਕ ਪਰਚੇ ਪੇਸ਼ ਕੀਤੇ ਗਏ। ਇਹਨਾਂ ਦੇ ਤਿੰਨ ਲੇਖਕਾਂ ਨੂੰ ਕਰਮਵਾਰ ੧੫, ੨੦, ੧੫ ਮਿੰਟ ਲਈ ਆਪਣੇ ਪਰਚਿਆਂ ਦੀ ਵਿਆਖਿਆ ਦੀ ਆਗਿਆ ਦਿਤੀ ਗਈ, ਪਰ ਇਨ੍ਹਾਂ ਬਾਰੇ ਬੋਲਣ ਵਾਲਿਆਂ ਦੇ ਹਿੱਸੇ ਕੇਵਲ ੩੫ ਮਿੰਟ ਆਏ, ਉਹ ਵੀ ਕੇਵਲ ਪ੍ਰੋ: ਕੁੰਤਲ ਮੇਘ ਦੇ ਪਰਚੇ ਬਾਰੇ।

ਸਤਿੰਦਰ ਸਿੰਘ ਨੂਰ ਅਤੇ ਜਸਵੰਤ ਸਿੰਘ ਜੱਸ ਨੇ ਆਪਣੇ ਆਪਣੇ ਪਰਚੇ ਦੀ ਵਿਆਖਿਆ ਤਾਂ ਕੀਤੀ, ਪਰ ਇਹਨਾਂ ਬਾਰੇ ਦੂਰੋਂ ਦੂਰੋਂ ਆਏ ਹੋਰ ਲੇਖਕਾਂ ਨੂੰ ਬੋਲਣ ਦਾ ਸਮਾਂ ਨਹੀਂ ਮਿਲ ਸਕਿਆ। ਅੱਠਵੀਂ "ਸਰਬ ਹਿੰਦ ਪੰਜਾਬੀ ਕਾਨਫ੍ਰੰਸ" ਹੋਵੇ, ਤਿੰਨ ਪਰਚੇ ਲਿਖਵਾਏ ਤੇ ਛਪਾਏ ਜਾਣ, ਪੁੱਜਣ ਵੀ ਉਹ ਲੇਖਕਾਂ ਨੂੰ ਇਕ-ਅੱਧਾ ਦਿਨ ਹੀ ਪਹਿਲਾਂ ਜਾਂ ਕਿਸੇ ਨੂੰ ਕਾਨਫ੍ਰੰਸ ਤੋਂ ਬਾਦ ਅਗਲੇ ਦਿਨ ਹੀ, ਦੂਰੋਂ ਦੂਰੋਂ ਲੋਕ ਆ ਵੀ ਜਾਣ, ਪਰ ਇਕ ਪਰਚੇ ਉਤੇ ਹੀ ਬੋਲਣ ਦਾ ਮੌਕਾ ਮਿਲੇ—ਗੱਲ ਕੋਈ ਚੰਗੀ ਨਹੀਂ। ਬਾਕੀ ਦੋ ਲੇਖਕਾਂ ਨੂੰ ਮੁਫਤ ਵਿਚ ਹੀ ਆਪਣੀ ਸਫਾਈ ਪੇਸ਼ ਕਰਨ ਲਈ ਜੋ ਪੈਂਤੀ ਮਿੰਟ ਦਿਤੇ ਗਏ, ਇਹ ਸਮਾਂ ਜੇ ਇਹਨਾਂ ਵਿਚੋਂ ਇਕ ਪਰਚੇ ਉਤੇ ਹੋਰ ਲੇਖਕਾਂ ਦੇ ਵਿਚਾਰ ਸੁਣਨ ਲਈ ਦਿਤਾ ਜਾਂਦਾ ਤਾਂ ਵੀ ਕੋਈ ਗੱਲ ਸੀ। ਨੂਰ ਦੇ ਪਰਚੇ ਉਤੇ ਚੰਗੀ ਬਹਿਸ ਹੋ ਸਕਦੀ ਸੀ, ਜਦ ਕਿ ਜੱਸ ਦਾ ਪਰਚਾ (ਪੰਜਾਬੀ ਕਵਿਤਾ ਵਿਚ ਰਾਸ਼ਟਰੀ ਚੇਤਨਤਾ) ਕੇਵਲ ਗਿਆਨੀ ਜਾਂ ਕਾਲਜ-ਪੱਧਰ ਦੇ ਪੰਜਾਬੀ ਦੇ ਵਿਦਿਆਰਥੀਆਂ ਲਈ ਹੀ ਠੀਕ ਸੀ। ਮੈਨੂੰ ਵੀ ਕੇਵਲ ਪਹਿਲੇ ਪਰਚੇ ਉਤੇ ਬੋਲਣ ਦਾ ਸਮਾਂ ਮਿਲਿਆ, ਤੇ ਉਹ ਵੀ ਥੋੜਾ ਸੀ, ਇਸ ਲਈ ਇਹਨਾਂ ਤਿੰਨਾਂ ਪਰਚਿਆਂ ਬਾਰੇ ਕੁਝ ਨੁਕਤੇ ਪਾਠਕਾਂ ਦੇ ਸਨਮੁਖ ਲਿਆਉਣਾ ਮੈਂ ਉਚਿਤ ਸਮਝਦਾ ਹਾਂ।

ਡਾ: ਕੁੰਤਲ ਮੇਘ ਆਪਣੇ ਪਰਚੇ "ਮਾਰਕਸਵਾਦ ਅਤੇ ਭਾਰਤੀ ਬੁਧੀਜੀਵੀ" ਵਿਚ ਕਹਿੰਦੇ ਹਨ: "ਬੁਧੀਜੀਵੀ ਉਹ ਵਿਅਕਤੀ ਜਾਂ ਸਮੂਹ ਹਨ ਜੋ ਸਭਿਆਚਾਰ ਦੀ ਰਚਨਾ ਕਰਦੇ ਹਨ" (ਪੰਨਾ ੨), ਪਰ ਗੱਲ ਇਹ ਬੜੀ ਅਜੀਬ ਹੈ ਕਿ ਬੁਧੀਜੀਵੀ ਸਭਿਆਚਾਰ ਦੀ ਰਚਨਾ ਕਰਦੇ ਹੋਣ। ਇਕ ਮਾਰਕਸਵਾਦੀ ਨੂੰ ਤਾਂ ਇਹ ਗੱਲ ਨਹੀਂ ਕਹਿਣੀ ਚਾਹੀਦੀ, ਕਿਉਂਕਿ ਸਭਿਆਚਾਰ ਦਾ ਨਿਰਮਾਣ ਤਾਂ ਆਮ-ਲੋਕ ਕਰਦੇ ਹਨ, ਸਾਰੀਆਂ ਹੀ ਜਮਾਤਾਂ ਕਰਦੀਆਂ ਹਨ ਅਤੇ ਸਭਿਆਚਾਰ ਦੀ ਇਕ ਵਿਸ਼ਾਲ ਪ੍ਰੀਭਾਸ਼ਾ ਦੇ ਅੰਤਰ-ਗਤ ਵੱਖ ਵੱਖ ਵਰਗਾਂ ਤੇ ਸਮੂਹਾਂ, ਦੇਸ਼ਾਂ ਤੇ ਜਾਤੀਆਂ ਦਾ ਆਪਣਾ ਆਪਣਾ ਸਭਿਆਚਾਰ ਵੀ ਹੁੰਦਾ ਹੈ ਤੇ ਇਸ ਦਾ ਨਿਰਮਾਣ

ਬੁਧੀਜੀਵੀ ਹੀ ਨਹੀਂ ਕਰਦੇ, ਬੁਧੀਜੀਵੀ ਤਾਂ ਸਭਿਆਚਾਰ ਦੀ ਵਿਆਖਿਆ ਕਰਦੇ ਹਨ ਜਾਂ ਕਿਸੇ ਨਵੇਂ ਸਭਿਆਚਾਰ ਦੀ, ਦੂਰ ਦੇਸ਼ ਜਾਂ ਬਾਹਰ ਦੀ ਕਿਸੇ ਕੌਮ ਦੇ ਸਭਿਆਚਾਰ ਦੀ ਪਛਾਣ ਕਰਾਉਂਦੇ ਅਤੇ ਇਸ ਦੇ ਗੁਣਾਂ ਦਾ ਸਮਾਵੇਸ਼ ਆਪਣੇ ਸਭਿਆਚਾਰ ਵਿਚ ਕਰਨ ਦੀ ਵਕਾਲਤ ਵੀ ਕਰ ਸਕਦੇ ਹਨ। ਪਿਛਲੇ ਚਾਲੀ ਸਾਲ ਵਿਚ ਭਾਰਤੀ ਮਾਰਕਸਵਾਦੀਆਂ ਅਤੇ ਮਾਰਕਸਵਾਦੀ ਬੁਧੀਜੀਵੀਆਂ ਨੇ ਦੇਸ਼ ਦੀ ਜਨਤਾ ਨੂੰ ਰਾਜਸੀ-ਸਭਿਆਚਾਰ-ਸਾਹਿਤਕ ਅਗਵਾਈ ਦੇਣ ਦੇ ਖੇਤਰ ਵਿਚ ਕੀ ਪ੍ਰਾਪਤੀ ਕੀਤੀ ਹੈ, ਇਹ ਇਕ ਵੱਖਰਾ ਸਵਾਲ ਹੈ।

ਸਤਿੰਦਰ ਸਿੰਘ ਨੂਰ ਨੇ ਆਪਣੇ ਪਰਚੇ ਵਿਚ ਅਜਿਹੇ ਪੰਜਾਬੀਆਂ ਦਾ ਜ਼ਿਕਰ ਕੀਤਾ ਹੈ, ਜੋ ਪੰਜਾਬੀ ਤੋਂ ਛੁੱਟ ਹੋਰ ਭਾਸ਼ਾਵਾਂ ਵਿਚ ਲਿਖਦੇ ਰਹੇ ਹਨ ਅਤੇ "ਇਕਬਾਲ, ਮੰਟੋ, ਫੈਜ਼, ਮੁਲਕ ਰਾਜ ਅਨੰਦ, ਖੁਸ਼ਵੰਤ ਸਿੰਘ, ਸਤਿੰਦਰ ਸਿੰਘ, ਮੋਹਨ ਰਾਕੇਸ਼, ਭੀਸ਼ਮ ਸਾਹਨੀ, ਕੁਮਾਰ ਵਿਕਲ, ਰਾਜਿੰਦਰ ਸਿੰਘ ਬੇਦੀ, ਰਾਮ ਲਾਲ, ਬਲਵੰਤ ਸਿੰਘ ਸਾਰੇ ਹੀ ਇਸ ਪੰਜਾਬੀ ਸਾਹਿਤ ਚੇਤਨਾ ਦਾ ਵਿਸ਼ਾ ਹੋ ਸਕਦੇ ਹਨ" (ਪੰਨਾ ੨)।

ਬੜੀ ਅਜੀਬ ਗੱਲ ਹੈ ਕਿ ਸਤਿੰਦਰ ਸਿੰਘ, ਕੁਮਾਰ ਵਿਕਲ, ਰਾਮ ਲਾਲ ਤਾਂ ਮਹਾਨ ਸਾਹਿਤਕਾਰਾਂ ਦੀ ਕਤਾਰ ਵਿਚ ਸ਼ਾਮਲ ਹੋ ਗਏ ਅਤੇ ਕ੍ਰਿਸ਼ਨ ਚੰਦਰ, ਸਾਹਿਰ ਲੁਧਿਆਣਵੀ, ਯਸ਼ਪਾਲ, ਫਿਕਰ ਤੌਂਸਵੀ ਇਸ ਘੇਰੇ ਤੋਂ ਬਾਹਰ ਰਹਿ ਗਏ। ਸਤਿੰਦਰ ਸਿੰਘ ਮੁਖ ਤੌਰ ਤੇ ਪੱਤਰਕਾਰ ਹੈ। ਨੂਰ ਹੋਰਾਂ ਉਸ ਨੂੰ ਵੱਡੇ ਸਾਹਿਤਕਾਰਾਂ ਵਿਚ ਸ਼ਾਮਲ ਕਰ ਦਿਤਾ, ਤਾਂ ਜੋ ਕਲ੍ਹ ਜਦ ਉਹ ਪੰਜਾਬੀ ਸਾਹਿਤਕਾਰਾਂ ਬਾਰੇ Illustrated Weekly ਵਿਚ ਕੋਈ ਲੇਖ ਲਿਖੇ, ਤਾਂ ਏਸੇ ਤਰ੍ਹਾਂ ਨੂਰ ਹੋਰਾਂ ਨੂੰ ਵੀ ਯਾਦ ਕਰ ਲਵੇ। ਏਸੇ ਤਰ੍ਹਾਂ ਰਾਮ ਲਾਲ ਵੀ ਕਿਉਂਕਿ ਦਿੱਲੀ ਦੇ ਉਰਦੂ ਲੇਖਕਾਂ ਦਾ ਚੌਧਰੀ ਹੈ, ਇਸ ਲਈ ਉਸ ਨੂੰ ਵੀ ਨਿਵਾਜਿਆ ਗਿਆ। ਕੁਮਾਰ ਵਿਕਲ ਇਕ ਹਿੰਦੀ ਕਵੀ ਤਾਂ ਹੈ, ਪਰ ਖਾਸ ਗੱਲ ਇਹ ਹੈ ਕਿ ਉਹ ਇਸ ਪਰਚੇ ਦੇ ਲੇਖਕ ਦਾ ਖਾਸ ਮਿੱਤਰ ਹੈ। ਸੋ ਉਹ ਵੀ ਮਹਾਨਤਾ ਦੀ ਬਰਾਤ ਵਿਚ ਸ਼ਾਮਲ ਹੋ ਗਿਆ।

ਏਸੇ ਤਰ੍ਹਾਂ ਇਸ ਪਰਚੇ ਵਿਚ ਜਦ ਵਿਸ਼ਵ ਦੀ ਆਧੁਨਿਕ ਚੇਤਨਾ ਦੀ ਗੱਲ ਕੀਤੀ ਗਈ ਹੈ, ਤਾਂ ਵੀ ਮਿੱਤਰਾਚਾਰੀ ਨੂੰ ਮੁਖ ਰਖਿਆ ਗਿਆ ਹੈ ਅਤੇ ਫੁਰਮਾਇਆ ਹੈ ਕਿ "ਹਰਿਭਜਨ ਸਿੰਘ, ਜਸਵੰਤ ਸਿੰਘ ਨੇਕੀ, ਸਤੀ ਕੁਮਾਰ, ਹਰਨਾਮ, ਦੇਵ, ਮਿੰਦਰ, ਭਗਵੰਤ ਸਿੰਘ ਆਦਿ ਅਜਿਹੀ ਚੇਤਨਾ ਨਾਲ ਹੀ ਸੰਬੰਧਤ ਹਨ" (ਪੰਨਾ ੬)। ਪ੍ਰਗਤੀਵਾਦ ਦਾ ਕੀ ਹੈ? ਇਹ ਤਾਂ ਭੀੜ ਤੋਂ ਪ੍ਰੇਰਤ ਹੈ। ਸੋ ਫਰਮਾਉਂਦੇ ਹਨ, "ਭੀੜ ਦਾ ਅਨੁਭਵ ਆਪਣਾ ਨਹੀਂ ਹੁੰਦਾ, ਭੀੜ ਤੋਂ ਪ੍ਰੇਰਤ ਤਾਂ ਮੋਹਨ ਸਿੰਘ ਵੀ ਪ੍ਰਗਤੀਵਾਦੀ, ਅੰਮ੍ਰਿਤਾ ਵੀ ਪ੍ਰਗਤੀਵਾਦੀ ਤੇ ਜਸਬੀਰ ਸਿੰਘ ਆਹਲੂਵਾਲੀਆ ਵੀ ਪ੍ਰਗਤੀਵਾਦੀ ਹੈ" (ਪੰਨਾ ੭)। ਨਗਰ ਚੇਤਨਾ ਦੀ ਗੱਲ ਹੋਈ ਤਾਂ "ਹਰਿਭਜਨ ਸਿੰਘ, ਨੇਕੀ, ਤਾਰਾ ਸਿੰਘ, ਹਰਨਾਮ, ਸੁਰਜੀਤ ਪਾਤਰ, ਅਮਿਤੋਜ ਜਾਂ ਕੁਝ ਹੋਰ ਕਵੀਆਂ ਦੇ ਨਾਂ ਸਾਹਮਣੇ ਆਉਂਦੇ ਹਨ" (ਪੰਨਾ ੮)। ਬਲਵੰਤ ਗਾਰਗੀ ਦਾ ਕੀ ਹੈ? "ਜੇ ਧੂਣੀ ਦੀ ਅੱਗ ਲਿਖਿਆ ਤਾਂ ਕੁਝ ਪਿਰਾਂਦੈਲੋ, ਕੁਝ ਐਲਬੀ, ਕੁਝ ਆਰਤੋ, ਕੁਝ ਲੋਰਕਾ ਤੇ ਕੁਝ ਤੱਤ ਹੋਰ ਨਾਟਕਾਰਾਂ ਦੇ ਲੈ ਝਟ ਇਕ ਆਧੁਨਿਕ ਸਿਰਜਨਾ ਦੇ ਨਾਟਕ ਦਾ ਮਾਹਰਕਾ ਮਾਰ ਲਿਆ" (ਪੰਨਾ ੮)।

ਬਾਕੀ ਰਹੀ ਗੱਲ ਸਾਹਿਤ-ਆਲੋਚਨਾ ਦੀ। ਸੋ "ਭਾਵੇਂ ਸੰਤ ਸਿੰਘ ਸੇਖੋਂ ਦੀ ਆਲੋਚਨਾ ਸੀ ਤੇ ਭਾਵੇਂ ਕਿਸ਼ਨ ਸਿੰਘ ਦੀ, ਉਹ ਅਜਿਹੀ ਨਿਸਚਾਵਾਦੀ ਭਾਵਨਾ ਨਾਲ ਸੰਬੰਧਤ ਰਹੀ ਹੈ। ਸ਼ਾਇਦ ਇਸੇ ਲਈ ਸਾਡੇ ਸਾਹਿਤ ਦੀ ਚੇਤਨਾ ਵੀ ਆਪਣੇ ਵਿਸ਼ੇ ਪ੍ਰਤੀ ਵਧੇਰੇ ਚੇਤੰਨ ਰਹੀ, ਸਾਹਿਤ ਦੇ ਸਮੁੱਚੇ ਸੰਗਠਨ ਜਾਂ ਕਿਸੇ ਰੂਪ ਦਾ ਆਪਣਾ ਕੀ ਵਿਅਕਤਿਤਵ ਹੈ, ਇਸ ਪ੍ਰਤੀ ਨਹੀਂ। ਪਰ ਅਸੀਂ ਕੁਝ ਦੇਰ ਤੋਂ ਦੇਖ ਰਹੇ ਹਾਂ, ਸਾਡੀ ਆਲੋਚਨਾ ਵਿਚ ਡਾ: ਹਰਿਭਜਨ ਸਿੰਘ ਤੇ ਨਜ਼ਮ ਹੁਸੈਨ ਸਈਅਦ ਦੇ ਨਾਲ ਇਕ ਅਜਿਹੀ ਸੰਰਚਨਵਾਦੀ ਪ੍ਰਵਿਰਤੀ ਦਾ ਉਦੈ ਹੋਇਆ ਹੈ, ਜਿਸ ਨੇ ਇਕ ਪਾਸੇ ਤਾਂ ਸਾਨੂੰ ਵਿਸ਼ਵ-ਪੱਧਰ ਤੇ ਨਵ-ਆਲੋਚਨਾ ਵਿਚ......" (ਪੰਨਾ ੯)।

ਇਸ ਤਰ੍ਹਾਂ ਅਸੀਂ ਕੀ ਦੇਖਦੇ ਹਾਂ ਕਿ ਪੰਜਾਬੀ ਸਾਹਿਤ ਵਿਚ ਵਿਸ਼ਵ ਦੀ ਆਧੁਨਿਕ-ਚੇਤਨਾ ਨਾਲ ਜੁੜਨ ਵਾਲਾ ਵੀ ਡਾ: ਹਰਿਭਜਨ ਸਿੰਘ ਅਤੇ ਨਗਰ-ਚੇਤਨਾ ਨੂੰ ਪ੍ਰਤੀਬਿੰਬਤ ਕਰਨ ਵਾਲਾ ਵੀ ਡਾ: ਹਰਿਭਜਨ ਸਿੰਘ, ਕਵਿਤਾ ਵਿਚ ਵੀ ਡਾ: ਹਰਿਭਜਨ ਸਿੰਘ ਤੇ ਆਲੋਚਨਾ ਵਿਚ ਵੀ ਡਾ: ਹਰਿਭਜਨ ਸਿੰਘ! ਸ਼ਾਇਦ ਪੰਜਾਬੀ ਸਾਹਿਤ ਦੀ

ਬਦਕਿਸਮਤੀ ਹੈ ਕਿ ਡਾ: ਹਰਿਭਜਨ ਸਿੰਘ ਕਹਾਣੀ, ਨਾਵਲ ਜਾਂ ਨਾਟਕ ਨਹੀਂ ਲਿਖਦੇ, ਨਹੀਂ ਤਾਂ ਨੂਰ ਹੋਰਾਂ ਨੂੰ ਇਹ ਨਾ ਲਿਖਣਾ ਪੈਂਦਾ : "ਨਾਟਕ ਤੇ ਨਾਵਲ ਵਧੇਰੇ ਸੰਤੁਸ਼ਟ ਨਹੀਂ ਕਰਦੇ। ਨਾਵਲ ਤਾਂ ਅਜੇ ਤਕ ਨਾਵਲ ਬਣਨ ਦੇ ਸਮਰਥ ਨਹੀਂ ਹੋ ਸਕਿਆ, ਕੇਵਲ ਰੋਮਾਂਸ ਤਕ ਹੀ ਸੀਮਤ ਹੈ। ਗੁਰਦਿਆਲ ਸਿੰਘ, ਮੋਹਨ ਕਾਹਲੋਂ ਵਿਚ ਵੀ ਅਜੇ ਰੋਮਾਂਸ ਦਾ ਰੂਪ ਵਧੇਰੇ ਪ੍ਰਧਾਨ ਰਹਿੰਦਾ ਹੈ। ਹਾਂ ਕਹਾਣੀ ਵਿਚ ਕਿਤੇ ਕਿਤੇ....." (ਪੰਨਾ ੮ ਤੇ ੯)।

ਪਰ ਸਤਿੰਦਰ ਸਿੰਘ ਨੂਰ ਲਈ ਇਹ ਕੋਈ ਨਵੀਂ ਗੱਲ ਨਹੀਂ। ਪਿਛਲੇ ਪੰਜ ਸਾਲ ਤੋਂ ਲਿਖੀ ਗਈ ਉਸ ਦੀ ਕੋਈ ਅਜਿਹੀ ਲਿਖਤ ਨਹੀਂ, ਜਿਸ ਵਿਚ ਡਾ: ਹਰਿਭਜਨ ਸਿੰਘ ਦੀ ਤਾਰੀਫ ਦੇ ਪੁਲ ਅਤੇ ਡੈਮ ਨਹੀਂ ਉਸਾਰੇ ਗਏ, ਭਾਵੇਂ ਸੀਮੈਂਟ ਦੀ ਥਾਂ ਰੇਤ ਹੀ ਵਰਤਣੀ ਪਈ ਹੋਵੇ। ਇਹ ਕੁਝ ਦੇਖ ਕੇ ਮੇਰੇ ਜਹੇ ਉਸ ਦੇ ਮਿੱਤਰ ਨੂੰ ਵੀ ਇਹ ਸੋਚ ਕੇ ਸਬਰ ਕਰ ਲੈਣਾ ਪੈਂਦਾ ਹੈ :

ਖੁਸ਼ਾਮਦ ਗੋ ਬੁਰੀ ਸ਼ੈ ਹੈ ਮਗਰ ਕਿਆ ਕੀਜੀਏ ਹਜ਼ਰਤ,<br>ਕਿ ਮਜਬੂਰੀ ਮੇਂ ਬੰਦੇ ਕੋ ਖੁਦਾ ਕਹਿਨਾ ਹੀ ਪੜਤਾ ਹੈ।

ਹੁਣ ਮੁਲ ਪਾਉ ਪਿਛਲੇ ਸਾਹਿਤ ਦੇ ਅਧਿਅਨ ਦਾ : "ਬੁੱਲ੍ਹੇ ਸ਼ਾਹ ਵਰਗਾ ਸੂਫੀ ਕਵੀ ਜਦੋਂ 'ਭੂਰਿਆਂ ਵਾਲੇ ਰਾਜੇ ਕੀਤੇ ਤੇ ਮੁਗਲਾਂ ਜ਼ਹਿਰ ਪਿਆਲੇ ਪੀਤੇ' ਕਹਿੰਦਾ ਹੈ ਤਾਂ ਉਹ ਇਕ ਅਜਿਹੀ ਭਾਵਨਾ ਦਾ ਸ਼ਿਕਾਰ ਹੈ, ਜੋ ਇਕ ਜ਼ਾਤੀ ਧਾਰਮਕ ਜਜ਼ਬੇ ਵਿਚੋਂ ਹੀ ਉਪਜੀ ਹੈ।" (ਪੰਨਾ ੩)

ਮੈਂ ਸਮਝਦਾ ਹਾਂ ਏਥੇ ਹੀ ਪੰਜਾਬੀ ਸਮਾਲੋਚਨਾ ਦੀ ਕਲਮ ਟੁੱਟ ਜਾਂਦੀ ਹੈ ਅਤੇ ਕਮਰ ਵੀ। ਚਲ ਹੁਣ ਜੁਗਣੀ ਅਗਲੇ ਸ਼ਹਿਰ!

ਜਸਵੰਤ ਸਿੰਘ ਜੱਸ ਹੋਰਾਂ ਰਾਸ਼ਟਰੀ ਚੇਤਨਤਾ ਦਾ ਬੜਾ ਜੱਸ ਆਪਣੇ ਪਰਚੇ ਵਿਚ ਗਾਇਆ ਹੈ, ਜਦ ਕਿ ਰਾਸ਼ਟ੍ਰੀ ਚੇਤਨਤਾ ਬਾਰੇ ਸਿੱਧਾ ਜਿਹਾ ਮਾਰਕਸੀ ਦ੍ਰਿਸ਼ਟੀਕੋਣ ਤਾਂ ਇਹ ਹੈ ਕਿ ਸਮਾਜਕ ਵਿਕਾਸ ਦੇ ਇਕ ਪੜਾ ਵਿਚ ਜਦ ਜਾਗੀਰਦਾਰੀ ਦੀ ਥਾਂ ਸਰਮਾਏਦਾਰੀ ਚੌਧਰ ਹਥਿਆਉਣ ਦਾ ਜਤਨ ਕਰਦੀ ਹੈ ਤਾਂ ਉਹ ਇਲਾਕਾਈ ਚੇਤਨਤਾ ਦੀ ਥਾਂ ਰਾਸ਼ਟਰੀ ਚੇਤਨਤਾ ਦਾ ਪਰਚਾਰ ਕਰਦੀ ਅਤੇ ਕਰਵਾਉਂਦੀ ਹੈ। ਸੋ ਜਿਥੇ ਸ਼ਾਹ ਮੁਹੰਮਦ ਅਤੇ ਸ਼ਰਫ਼ "ਦੇਸ ਪੰਜਾਬ" ਦੀ ਗੱਲ ਕਰਦੇ ਸਨ, ਅੱਜ ਜੇ ਕੋਈ "ਦੇਸ ਪੰਜਾਬ" ਦੀ ਗੱਲ ਕਰੇ ਤਾਂ ਉਹ ਸਿੱਖ-ਹੋਮ-ਲੈਂਡੀਆ ਹੋਏਗਾ ਅਤੇ ਜੇ ਕੋਈ "ਗੰਗਾ ਮੇਰੀ ਮਾਂ ਕਾ ਨਾਮ, ਬਾਪ ਕਾ ਨਾਮ ਹਿਮਾਲਾ" ਦੀ ਗੱਲ ਕਰੇ ਤਾਂ ਉਹ ਦੇਸ਼-ਭਗਤ। ਪਰ ਜੱਸ ਜੀ ਨੇ ਰਾਸ਼ਟਰੀ-ਚੇਤਨਤਾ ਦਾ ਕੋਈ ਵਿਗਿਆਨਕ ਜਾਂ ਇਤਿਹਾਸਕ-ਭੌਤਕਵਾਦੀ ਆਧਾਰ ਨਹੀਂ ਦੱਸਿਆ—ਕੇਵਲ ਗੁਰੂਆਂ ਪੀਰਾਂ ਤੋਂ ਲੈ ਕੇ, ਬਰਾਸਤਾ ਸ਼ਾਹ ਮੁਹੰਮਦ, ਹੀਰਾ ਸਿੰਘ ਦਰਦ ਅਤੇ ਮੁਨਸ਼ਾ ਸਿੰਘ ਦੁਖੀ' ਤਕ ਰਾਸ਼ਟਰੀ ਚੇਤਨਤਾ ਦੇ ਸੁਹਲੇ ਗਾਏ ਹਨ।

ਜੇ ਜਸਵੰਤ ਸਿੰਘ ਜੱਸ ਨੇ "ਜਸਵੰਤ ਸਿੰਘ ਕੰਵਲ ਦੀ ਨਾਵਲ ਕਲਾ" ਬਾਰੇ ਪੁਸਤਕ ਰਚ ਹੀ ਦਿਤੀ ਸੀ ਤਾਂ ਜਸਵੰਤ ਸਿੰਘ ਕੰਵਲ ਲਈ ਤਾਂ ਇਹ ਜ਼ਰੂਰੀ ਨਹੀਂ ਸੀ ਕਿ "ਸਰਬ ਹਿੰਦ ਕਾਨਫ੍ਰੰਸ" ਲਈ ਅਜਿਹਾ ਪਰਚਾ ਆਪਣੇ ਬੰਦੇ ਤੋਂ ਤਿਆਰ ਕਰਵਾਇਆ ਜਾਂਦਾ।

o

## ਲੇਖਕਾਂ ਲਈ ਸੂਚਨਾ

- ਅਗਲੇ ਚਾਰ ਅੰਕਾਂ ਲਈ ਮੈਟਰ ਸਾਡੇ ਕੋਲ ਪੁੱਜ ਚੁਕਾ ਹੈ। ਇਸ ਲਈ 'ਪਾਠਕ ਲੇਖਕ ਫੋਰਮ' ਤੋਂ ਇਲਾਵਾ ਹੋਰ ਆਈਆਂ ਰਚਨਾਵਾਂ ਅਸੀਂ ਜੂਨ ਅੰਕ ਤੋਂ ਪਹਿਲੇ ਨਹੀਂ ਛਾਪ ਸਕਾਂਗੇ।
- ਖੱਬੇ ਪੱਖ ਦੀ ਸਿਆਸਤ ਦੀ ਵਾਦ ਵਿਵਾਦ ਲੜੀ ਵਿਚ ਫਰਵਰੀ ਦਾ ਪਾਠਕ ਲੇਖਕ ਫੋਰਮ "ਚਿੱਲੀ ਦਾ ਰਾਜ ਪੱਲਟਾ ਅਤੇ ਹਥਿਆਰਬੰਦ ਇਨਕਲਾਬ ਦੀ ਲੋੜ" ਦੇ ਬਾਰੇ ਹੋਵੇਗਾ। ਇਸ ਦੇ ਨਾਲ ਹੀ ੧੯੬੫ ਤੋਂ ਬਾਅਦ ਦੀ ਪੰਜਾਬੀ ਕਹਾਣੀ ਬਾਰੇ ਵਿਚਾਰ ਵਟਾਂਦਰਾ ਅਸੀਂ ਅਗੇ ਲਿਜਾਣਾ ਚਾਹਵਾਂਗੇ — ਇਹਨਾਂ ਵਿਸ਼ਿਆਂ ਤੇ ਲੇਖਕ ਆਪਣੇ ਵਿਚਾਰ ਭੇਜਣ, ਅਸੀਂ ਧੰਨਵਾਦੀ ਹੋਵਾਂਗੇ।
- ਪਾਠਕ ਲੇਖਕ ਫੋਰਮ ਵਿਚ ਸਾਹਿਤਕ ਰਚਨਾਵਾਂ ਦੀ ਸਾਹਿਤਕ ਪੱਧਰ ਤੇ ਹੀ ਚੀਰ ਫਾੜ ਅਸੀਂ ਜੀ ਆਇਆਂ ਆਖਾਂਗੇ।

—ਸੰਪਾਦਕ

# 'ਬਲਰਾਜ ਸਾਹਨੀ' ਯਾਦਗਾਰ ਘਰੇਲੂ ਪੁਸਤਕਸ਼ਾਲਾ

| ਨਾਵਲ | ਸਫ਼ੇ |
|---|---|
| ਇਕ ਸੁਪਨਾ ਇਕ ਸਵਾਲ—ਮਨਮੋਹਨ ਸੰਧੂ | 88 |
| ਕੋਈ ਹਰਿਆ ਬੂਟ ਰਹਿਓ ਰੀ—ਨਾਨਕ ਸਿੰਘ | 352 |
| ਨਾਸੂਰ—ਨਾਨਕ ਸਿੰਘ | 392 |
| ਆਦਮ ਖੋਰ—ਨਾਨਕ ਸਿੰਘ | 324 |
| ਕਿਸ਼ਨੀ—ਬਸੰਤ ਕੁਮਾਰ ਰਤਨ | 160 |
| ਧੂੜ ਉਡਦੀ ਰਹੀ—ਬਲਬੀਰ ਸਿੰਘ ਸੰਧੂ | 464 |
| ਅੱਗ ਦੇ ਬੀਜ—ਮਿੱਤਰ ਸੈਨ ਮੀਤ | 104 |
| ਨਵਾਂ ਦਰ—ਮੁਖਵੰਤ ਸਿੰਘ ਸੰਧੂ | 124 |
| ਰੇਤ ਛੱਲ—ਨਰਿੰਜਨ ਤਸਨੀਮ | 210 |
| ਹਨੇਰਾ ਹੋਣ ਤਕ—ਨਰਿੰਜਨ ਤਸਨੀਮ | 242 |
| ਚੇਤਰ—ਮਨਜਿੰਦਰ ਹੰਸਪਾਲ | 108 |
| ਅੰਦਰਲੇ ਦਰਵਾਜ਼ੇ—ਜਸਵੰਤ ਸਿੰਘ ਵਿਰਦੀ | 188 |
| **ਕਹਾਣੀ ਸੰਗ੍ਰਹਿ** | |
| ਤਰਕਸ਼—ਮਿੰਨੀ ਕਹਾਣੀ ਸੰਗ੍ਰਹਿ | |
| ਕਲੀਆਂ ਕਾਰੀਆਂ—ਸੁਖਬੀਰ | 100 |
| ਆਖਰੀ ਚੂੜੀਆਂ—ਮੁਖਤਾਰ ਗਿੱਲ | 104 |
| ਰੁੱਤ ਆਵੇ ਰੁੱਤ ਜਾਵੇ—ਹਰਪਾਲ ਲਖੀਆ | 112 |
| ਨਾਇਕ ਦੀ ਖੋਜ—ਜੁਗਿੰਦਰ ਸਿੰਘ ਨਿਰਾਲਾ | 84 |
| ਮਿੱਟੀ ਤੇ ਮਨੁੱਖ—ਸੁਖਬੀਰ | 136 |
| ਪਹਿਲੀ ਰਾਤ ਦੀ ਤਲਾਸ਼—ਜਗਜੀਤ ਆਹੂਜਾ | 88 |
| ਚੈਕੋਵ ਦੀਆਂ ਕਹਾਣੀਆਂ | 164 |
| ਕਰਵਟ—ਚੋਣਵੀਂ ਕਹਾਣੀ ਸੰਪਾਦਕ ਵਰਿਆਮ ਸੰਧੂ | 96 |

| ਕਵਿਤਾ ਸੰਗ੍ਰਹਿ | ਸਫ਼ੇ |
|---|---|
| ਉਡਦੇ ਬਾਜ਼ਾਂ ਮਗਰ—ਪਾਸ਼ | 80 |
| ਸੁਲਘਦੇ ਅਹਿਸਾਸ—ਇਕਬਾਲ ਰਾਮੂਵਾਲੀਆ | 64 |
| ਅੱਖਾਂ ਵਾਲੀ ਰਾਤ—ਸੁਖਬੀਰ | 64 |
| ਸੰਗੀ ਸਾਥੀ—ਦਰਸ਼ਨ ਖਟਕੜ | 120 |
| ਸਫ਼ਰ ਦੇ ਬੋਲ—ਗੁਰਦੀਪ ਗਰੇਵਾਲ | 80 |
| ਜਦੋਂ ਪਿੰਡ ਬੋਲਦਾ ਹੈ—ਕਰਤਾਰ ਕੈਂਥ | 64 |
| ਲੱਪ ਚਿਣਗਾਂ ਦੀ—ਓਮ ਪ੍ਰਕਾਸ਼ ਸ਼ਰਮਾ | 64 |
| ਗ਼ਮਾਂ ਦੀ ਆਰਜ਼ਾਂ—ਹਰਨਾਮ ਸਿੰਘ ਨਾਜ਼ | 64 |
| ਸੀਮਾਂ ਤੋਂ ਆਵਾਜ਼—ਜਗਜੀਤ ਰਿਆੜ | 64 |
| ਸੁਪਨਿਆਂ ਦੇ ਪ੍ਰਛਾਵੇਂ—ਸੁਰਜੀਤ ਰਾਮਪੁਰੀ | 104 |
| ਸੀਸ ਤਲੀ ਤੇ—ਸੰਤ ਸੰਧੂ | 64 |
| ਕੱਚੀ ਮਿੱਟੀ ਦੇ ਬੌਣੇ—ਫਤਹਿਜੀਤ | 96 |
| ਅਰੰਭ—ਮੋਹਨਜੀਤ (ਸੰਪਾਦਕ) | 128 |
| ਰੰਗ ਹੱਸੇ ਚੰਗ ਰੋਏ—ਸਰਵਣ ਰਾਹੀ | 96 |
| ਵਿਸ਼ਵਾਸ ਦਾ ਰੰਗ—ਜਸਵੰਤ ਸਿੰਘ ਕੈਲਵੀ | 128 |
| ਜੰਗਲੀ ਫੁੱਲ—ਤਰਸਪਾਲ | 96 |
| **ਸਿਧਾਂਤਕ ਪੁਸਤਕਾਂ** | |
| ਮਾਰਕਸਵਾਦੀ ਦਰਸ਼ਨ-ਵੀ. ਅਫਨਾਸਯੇਵ ਅਨੁਵਾਦਕ ਪ੍ਰੋ: ਪ੍ਰੀਤਮ ਸਿੰਘ ਪ੍ਰਵਾਨਾ | 434 |
| ਕਲਾ ਅਤੇ ਸਮਾਜ ਨਿਬੰਧ ਸੰਗ੍ਰਹਿ | 454 |
| ਆਧੁਨਿਕ ਸੌਂਦਰਯ-ਬੋਧ ਦੀਆਂ ਸਮੱਸਿਆਵਾਂ ਅਨੁ: ਪ੍ਰੇਮ ਅਵਤਾਰ ਰੈਣਾ | 228 |
| ਮਨੋਵਿਗਿਆਨ ਅਤੇ ਪੁਲਾੜ ਯੂਰੀ ਗਗਾਰਿਨ ਅਤੇ ਲੈਬੇਡੇਵ | 302 |

ਅਸੀਂ ਇਹ ਕਿਤਾਬਾਂ ਆਪਣੇ ਡਾਕ ਖਰਚ ਤੇ ਇਕ ਰੁਪਿਆ ਪ੍ਰਤੀ 75 ਸਫ਼ੇ ਦੇ ਹਿਸਾਬ ਨਾਲ ਭੇਜ ਕੇ ਖੁਸ਼ੀ ਲਵਾਂਗੇ।

—ਸੰਚਾਲਕ

**ਨੋਟ**—ਲੋਹਕਥਾ—ਪਾਸ਼। ਲਹੂ ਦੇ ਨਕਸ਼—ਜਗਤਾਰ। ਮਿੱਟੀ ਦਾ ਮੁੱਲ—ਓਮ ਪ੍ਰਕਾਸ਼ ਗਾਸੋ ਹੁਣ ਸਟਾਕ ਵਿਚ ਨਹੀਂ ਹਨ।

—ਸੰਚਾਲਕ

# ਪੰਜ ਸਟਾਰ ਸਟੈਂਡਰਡ ਟੀ. ਵੀ.
# ਦੀ ਵਿਕਰੀ ਅਤੇ ਸਰਵਿਸ,
# ਬਨਾਉਣ ਵਾਲੇ ਆਪ ਕਰਦੇ ਹਨ !
# ਹੋਰ ਕੋਈ ਟੀ. ਵੀ. ਨਿਰਮਾਤਾ ਇਹ ਸਹੂਲਤ
# ਨਹੀਂ ਦੇ ਸਕਦੇ !

**ਪੰਜ ਸਟਾਰ**

**ਸਟੈਂਡਰਡ ਟੀ. ਵੀ.**

**ਸਰਵਿਸ ਸੈਂਟਰਜ਼**

**ਅੰਮ੍ਰਿਤਸਰ**
*੩੦੭ ਗਰੀਨ ਐਵਿਨਿਊ
*ਫੋਨ : ...

**ਜਲੰਧਰ**
*੩੩, ਜੀ... ਰੋਡ,
*ਜਨਰਲ ... ਸਟੈਂਡ ਸਾਹਮਣੇ,
ਫੋਨ ...

**ਲੁਧਿਆਣਾ**
*ਆਦਰਸ਼ ...
*ਬਹਾਦਰ ...
ਜੀ. ਪੀ. ... ਰੋਡ ।

**ਚੰਡੀਗੜ੍ਹ**
*ਐਸ. ਸੀ. ਓ. ਪ੬, ਸੈਕਟਰ ੧੭ ਈ,
*ਫੋਨ : ੨੭੦੦੮

ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਸ: ਹਰਬੰਸ ਸਿੰਘ ਜੌਲੀ ਦੀ ਨਿਗਰਾਨੀ ਹੇਠ ਜਸਪਾਲ ਪ੍ਰਿੰਟਿੰਗ ਪ੍ਰੈਸ, ਕਟੜਾ ਘਨਈਆਂ ਅੰਮ੍ਰਿਤਸਰ ਤੋਂ ਛਪਵਾ ਕੇ, ਦਫ਼ਤਰ ਸਰਦਲ, ਤੇਜ ਪ੍ਰਿੰਟਿੰਗ ਪ੍ਰੈਸ, ਕਟੜਾ ਸ਼ੇਰ ਸਿੰਘ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ ।
ਪ੍ਰਕਾਸ਼ਨ ਮਿਤੀ ਜਨਵਰੀ 1, 1974.